ਪੰਜਾਬੀਆਂ ਦੇ ਹੱਕ ਦੀ ਆਵਾਜ਼

# ਰੋਜ਼ਾਨਾ ਸਵੇਰਾ

Monthly

ਮੰਗਲਵਾਰ, 30 ਅਗਸਤ 2022 ਅੰਕ-5 ਨਾਨਕਸ਼ਾਹੀ ਸੰਮਤ : 554 (ਪੰਨੇ : 8) ਮੁੱਲ: ₹5.00 RNI.T-Code.PUNPUN04267

www.epaper.rozanasavera.com ਮੁੱਖ ਸੰਪਾਦਕ- ਰਮਨਪ੍ਰੀਤ ਸਿੰਘ www.rozanasavera.com



AMAN ADVERTISEMENT AGENCY

GROWING YOUR BUSINESS WITH SOCIAL MEDIA

+91 98036 37036

## 12 ਸਕਿੰਟਾਂ ’ਚ ਮਲਬਾ ਬਣੇ ‘ਟਵਿਨ ਟਾਵਰ’



### ਕੁਤਬ ਮੀਨਾਰ ਤੋਂ ਉੱਚੇ ਟਾਵਰ ਵਾਟਰਫਾਲ ਤਕਨੀਕ ਰਾਹੀਂ ਮਲਬੇ ’ਚ ਤਬਦੀਲ

**ਨੋਇਡਾ,**
**ਰੋਜ਼ਾਨਾ ਸਵੇਰਾ**

ਸੁਪਰਟੈੱਕ ਕੰਪਨੀ ਦੇ ਗ਼ੈਰਕਾਨੂੰਨੀ ਢੰਗ ਨਾਲ ਬਣੇ ਕੁਤਬ ਮੀਨਾਰ (73 ਮੀਟਰ) ਤੋਂ ਉੱਚੇ ਦੋ ਟਾਵਰਾਂ (100 ਮੀਟਰ) ਨੂੰ ਅੱਜ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮਗਰੋਂ ਧਮਾਕੇ ਕਰਕੇ ਢਹਿ-ਢੇਰੀ ਕਰ ਦਿੱਤਾ ਗਿਆ। ਰੈਜ਼ੀਡੈਂਟਸ ਐਸੋਸੀਏਸ਼ਨ ਵੱਲੋਂ ਇਨ੍ਹਾਂ ਟਾਵਰਾਂ ਦੀ ਉਸਾਰੀ ਖ਼ਿਲਾਫ਼ ਅਦਾਲਤ ’ਚ ਜਾਣ ਦੇ ਨੌਂ ਸਾਲਾਂ ਮਗਰੋਂ ਅੱਜ ਇਹ 12 ਸਕਿੰਟਾਂ ’ਚ ਹੀ ਤਾਸ਼ ਦੇ ਪੱਤਿਆਂ ਵਾਂਗ ਮਿੱਟੀ ’ਚ ਮਿਲ ਗਏ। ਨੋਇਡਾ ਦੇ ਸੈਕਟਰ 93 ਏ ਦੇ ਦੋ ਟਾਵਰਾਂ ਅਪੈਕਸ (32 ਮੰਜ਼ਿਲਾ) ਅਤੇ ਸਿਯਾਨ (29 ਮੰਜ਼ਿਲਾ) ਨੂੰ ‘ਵਾਟਰਫਾਲ ਇੰਪਲੋਜ਼ਨ’ ਤਕਨੀਕ ਦੀ ਸਹਾਇਤਾ ਨਾਲ ਡੇਗਿਆ ਗਿਆ ਅਤੇ ਇਸ ’ਚ 3700 ਕਿਲੋ ਧਮਾਕਾਖੇਜ਼ ਸਮੱਗਰੀ ਦੀ ਵਰਤੋਂ ਕੀਤੀ ਗਈ। ਟਵਿਨ ਟਾਵਰ ਦੇਸ਼ ’ਚ ਹੁਣ ਤੱਕ ਢਾਹੇ ਗਏ ਸਭ ਤੋਂ ਉੱਚੇ ਢਾਂਚੇ ਸਨ। ਜਿਵੇਂ ਹੀ ਇਮਾਰਤਾਂ ਮਲਬੇ ’ਚ ਤਬਦੀਲ ਹੋਈਆਂ ਤਾਂ ਚਾਰੇ ਪਾਸੇ ਧੂੜ ਦਾ ਗੁਬਾਰ ਫੈਲ ਗਿਆ। ਇਨ੍ਹਾਂ ਟਾਵਰਾਂ ਨੇੜਲੀਆਂ ਐਮਰਾਲਡ ਕੋਰਟ ਅਤੇ ਏਟੀਐੱਸ ਵਿਲੇਜ ਸੁਸਾਇਟੀਆਂ ਦੇ ਕਰੀਬ 5 ਹਜ਼ਾਰ ਲੋਕਾਂ ਨੇ ਧਮਾਕੇ ਤੋਂ ਕੁਝ ਸਮਾਂ ਪਹਿਲਾਂ ਹੀ ਆਪਣੇ ਘਰ

### ਇਲਾਕੇ ’ਚ ਫੈਲਿਆ ਧੂੜ ਦਾ ਗੁਬਾਰ

ਖਾਲੀ ਕਰ ਦਿੱਤੇ ਸਨ। ਕਰੀਬ ਤਿੰਨ ਹਜ਼ਾਰ ਵਾਹਨਾਂ ਅਤੇ 150 ਤੋਂ ਜ਼ਿਆਦਾ ਪਾਲਤੂ ਜਾਨਵਰਾਂ ਨੂੰ ਵੀ ਸੁਰੱਖਿਅਤ ਥਾਵਾਂ ’ਤੇ ਲਿਜਾਇਆ ਗਿਆ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਧੂੜ ’ਤੇ ਪਾਣੀ ਦਾ ਛਿੜਕਾਅ ਕਰਨ ਲਈ ਐਂਟੀ ਸਮੌਗ ਗੰਨਾਂ (ਪਾਣੀ ਦਾ ਛਿੜਕਾਅ ਕਰਨ ਵਾਲੇ ਉਪਕਰਣ) ਦੀ ਵਰਤੋਂ ਕੀਤੀ ਗਈ। ਅਧਿਕਾਰੀਆਂ ਮੁਤਾਬਕ ਟਵਿਨ ਟਾਵਰ ਡੇਗਣ ਮਗਰੋਂ ਇਸ ਤੋਂ ਨਿਕਲਣ ਵਾਲੇ 55 ਤੋਂ 80

### ਅੰਦਾਜ਼ਨ 55 ਤੋਂ 80 ਹਜ਼ਾਰ ਟਨ ਮਲਬਾ ਇਕੱਠਾ ਹੋਇਆ

ਹਜ਼ਾਰ ਟਨ ਮਲਬੇ ਨੂੰ ਹਟਾਉਣ ’ਚ ਕਰੀਬ ਤਿੰਨ ਮਹੀਨਿਆਂ ਦਾ ਸਮਾਂ ਲੱਗੇਗਾ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਦੇ ਫ਼ੈਸਲੇ ਨੂੰ ਬਹਾਲ ਰਖਦਿਆਂ 31 ਅਗਸਤ, 2021 ਨੂੰ ਇਹ ਟਾਵਰ ਢਾਹੁਣ ਦੇ ਹੁਕਮ ਦਿੱਤੇ ਸਨ। ਸਿਖਰਲੀ ਅਦਾਲਤ ਨੇ ਕਿਹਾ ਸੀ ਕਿ ਨੋਇਡਾ ਜ਼ਿਲ੍ਹਾ ਅਧਿਕਾਰੀਆਂ ਦੀ ਗੰਢ-ਤੁੱਪ ਨਾਲ ਭਵਨ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ। ਸੁਪਰੀਮ ਕੋਰਟ ਨੇ ਕਿਹਾ

(**ਬਾਕੀ ਸਫ਼ਾ 4 ’ਤੇ**)

## ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ




ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਐਤਵਾਰ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਸਜਾਏ ਨਗਰ ਕੀਰਤਨ ਵਿੱਚ ਸ਼ਾਮਲ ਸੰਗਤ।

### ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਨਗਰ ਕੀਰਤਨ ਸਜਾਇਆ; ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਈ

**ਅੰਮ੍ਰਿਤਸਰ,**
**ਰੋਜ਼ਾਨਾ ਸਵੇਰਾ**

ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਅੱਜ ਸੰਗਤ ਵੱਲੋਂ ਸ਼ਰਧਾਪੂਰਨ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਨੇ ਸੰਗਤ ਦੇ ਸਹਿਯੋਗ ਨਾਲ ਪੁਰਾਣੀ ਚੱਲੀ ਆ ਰਹੀ ਰਵਾਇਤ ਮੁਤਾਬਕ ਗੁਰਦੁਆਰਾ ਰਾਮਸਰ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ। ਇਸ ਮੌਕੇ ਪਾਵਨ ਸਰੂਪ ਨੂੰ ਸੁਨਿਹਰੀ ਪਾਲਕੀ ਵਿੱਚ ਸੁਸ਼ੋਭਿਤ ਕਰ ਕੇ ਸੰਗਤੀ ਜਥਿਆਂ ਵੱਲੋਂ ਸ਼ਬਦ ਗਾਇਨ ਕਰਦਿਆਂ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਸ੍ਰੀ ਦਰਬਾਰ ਸਾਹਿਬ ਲਿਆਉਂਦਾ ਗਿਆ।

ਇਸ ਸਬੰਧ ਵਿੱਚ ਗੁਰਦੁਆਰਾ ਰਾਮਸਰ, ਜਿੱਥੇ ਗੁਰੂ ਅਰਜਨ ਦੇਵ ਨੇ ਪਾਵਨ ਸਰੂਪ ਦੀ ਸੰਪਾਦਨਾ ਕੀਤੀ ਸੀ, ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਵੱਡੀ ਗਿਣਤੀ ਵਿੱਚ ਜੁੜੀ ਸੰਗਤ ਨੂੰ ਪਹਿਲੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਗੁਰੂ ਅਰਜਨ ਦੇਵ ਨੇ 1604 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਕੀਤਾ ਸੀ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪ ਕੇ ਸੇਵਾ ਸੰਭਾਲ ਦੀਆਂ ਸੇਵਾਵਾਂ ਦਿੱਤੀਆਂ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਰੋਜ਼ਾਨਾ ਦੀ ਮਰਯਾਦਾ ਕਾਇਮ ਕੀਤੀ। ਉਨ੍ਹਾਂ ਕਿਹਾ ਕਿ ਪਹਿਲੇ ਪ੍ਰਕਾਸ਼ ਮੌਕੇ ਗੁਰੂ ਸਾਹਿਬ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਨਗਰ ਕੀਰਤਨ ਦੇ ਰੂਪ ਵਿੱਚ ਪਾਵਨ ਸਰੂਪ ਨੂੰ ਸ੍ਰੀ ਦਰਬਾਰ ਸਾਹਿਬ ਲਿਆਏ ਸਨ ਤੇ ਗੁਰੂ ਕਾਲ ਤੋਂ ਅੱਜ ਤੱਕ ਇਸੇ ਪ੍ਰੰਪਰਾ ਅਨੁਸਾਰ ਨਗਰ ਕੀਰਤਨ ਸਜਾਇਆ ਜਾਂਦਾ ਹੈ। ਇਸ ਮੌਕੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਭੇਟ ਕੀਤੇ।



### ਭਗਵੰਤ ਮਾਨ ਨੇ ਪਤਨੀ ਸਣੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ



ਅੰਮ੍ਰਿਤਸਰ:ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਅੱਜ ਸ਼ਾਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਪਤਨੀ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ। ਉਨ੍ਹਾਂ ਲੋਕਾਂ ਵੱਲੋਂ ਸੌਂਪੀ ਜ਼ਿੰਮੇਵਾਰੀ ਸਫ਼ਲਤਾ ਨਾਲ ਨਿਭਾਉਣ ਲਈ ਬਲ ਬਖਸ਼ਣ ਦੀ ਅਰਦਾਸ ਕੀਤੀ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਸੰਗਤ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਇਸ ਮੌਕੇ ਸਿਰਫ਼ ਗੁਰੂ ਘਰ ਵਿਖੇ ਅਸ਼ੀਰਵਾਦ ਲੈਣ ਆਏ ਹਨ ਅਤੇ ਕੋਈ ਸਿਆਸੀ ਗੱਲਬਾਤ ਨਹੀਂ ਕਰਨਗੇ।

## ਕਾਂਗਰਸ ਦੇ ਨਵੇਂ ਪ੍ਰਧਾਨ ਦੀ ਚੋਣ 17 ਅਕਤੂਬਰ ਨੂੰ

**ਨਵੀਂ ਦਿੱਲੀ**
**ਰੋਜ਼ਾਨਾ ਸਵੇਰਾ**

ਕਾਂਗਰਸ ਨੇ ਅੱਜ ਕਿਆਸਰਾਈਆਂ ਦਾ ਅੰਤ ਕਰਦਿਆਂ 17 ਅਕਤੂਬਰ ਨੂੰ ਪਾਰਟੀ ਪ੍ਰਧਾਨ ਦੀ ਚੋਣ ਕਰਾਉਣ ਦਾ ਐਲਾਨ ਕੀਤਾ ਹੈ। ਪ੍ਰਧਾਨ ਦੀ ਚੋਣ ਜਿੱਤਣ ਵਾਲੇ ਬਾਰੇ ਐਲਾਨ ਦੋ ਦਿਨ ਬਾਅਦ ਕੀਤਾ ਜਾਵੇਗਾ। ਕਾਂਗਰਸ ਨੇ ਨਾਲ ਹੀ ਕਿਹਾ ਕਿ ਉਹ ਮੁਲਕ ਵਿਚ ਅਜਿਹੀ ਇਕੱਲੀ ਪਾਰਟੀ ਹੈ ਜੋ ਇਸ ਤਰ੍ਹਾਂ ਦੀ ਲੋਕਤੰਤਰਿਕ ਪ੍ਰਕਿਰਿਆ ਦਾ ਪਾਲਣ ਕਰਦੀ ਹੈ। ਪਾਰਟੀ ਨੇ ਆਖ਼ਰੀ ਵਾਰ ਪ੍ਰਧਾਨ ਦੇ ਅਹੁਦੇ ਲਈ ਚੋਣ ਨਵੰਬਰ, 2000 ਵਿਚ ਕਰਵਾਈ ਸੀ। ਜ਼ਿਕਰਯੋਗ ਹੈ ਕਿ ਭਾਜਪਾ ਵੰਸ਼ਵਾਦ ਦੀ ਰਾਜਨੀਤੀ ਦੇ ਮੁੱਦੇ ’ਤੇ ਕਾਂਗਰਸ ਨੂੰ ਵਾਰ-ਵਾਰ ਘੇਰਦੀ ਰਹੀ ਹੈ। ਸੱਤਾਧਾਰੀ ਪਾਰਟੀ ਨੇ ਇਹ ਵੀ ਦੋਸ਼ ਲਾਇਆ ਹੈ ਕਿ ਪਾਰਟੀ ਦੇ ਮਾਮਲਿਆਂ ’ਚ ਗਾਂਧੀ ਪਰਿਵਾਰ ਦਾ ਦਖ਼ਲ ਹੈ। ਸੋਨੀਆ ਗਾਂਧੀ ਪਾਰਟੀ ਦੇ ਸਭ ਤੋਂ ਲੰਮਾ ਸਮਾਂ ਪ੍ਰਧਾਨ ਰਹੇ ਹਨ ਤੇ 2017-19 ਦੇ ਸਮੇਂ ਨੂੰ ਛੱਡ ਕੇ 1998 ਤੋਂ ਇਸ ਅਹੁਦੇ ਉਤੇ ਹਨ। ਇਨ੍ਹਾਂ ਦੋ ਸਾਲਾਂ ਦੌਰਾਨ ਪਾਰਟੀ ਦੀ ਕਮਾਨ ਰਾਹੁਲ ਗਾਂਧੀ ਨੂੰ ਸੌਂਪੀ ਗਈ ਸੀ। ਚੋਣ ਤਰੀਕਾਂ ਬਾਰੇ ਫ਼ੈਸਲਾ ਅੱਜ ਕਾਂਗਰਸ ਵਰਕਿੰਗ ਕਮੇਟੀ (ਸੀਡਬਲਿਊਸੀ) ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਲਿਆ ਗਿਆ। ਜ਼ਿਕਰਯੋਗ ਹੈ ਕਿ ਸ਼ੁੱਕਰਵਾਰ ਨੂੰ ਸੀਨੀਅਰ ਪਾਰਟੀ ਆਗੂ ਗੁਲਾਮ ਨਬੀ ਆਜ਼ਾਦ ਵੱਲੋਂ ਦਿੱਤੇ ਅਸਤੀਫ਼ੇ ਕਾਰਨ ਪਾਰਟੀ ਅੰਦਰ ਹਲਚਲ ਵੀ ਹੈ ਕਿਉਂਕਿ ਉਨ੍ਹਾਂ ਆਪਣੇ ਅਸਤੀਫ਼ੇ ਵਿਚ ਰਾਹੁਲ ਗਾਂਧੀ ’ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ। ਆਜ਼ਾਦ ਉਨ੍ਹਾਂ 23 ਆਗੂਆਂ ਦਾ ਵੀ ਹਿੱਸਾ ਸਨ ਜਿਨ੍ਹਾਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ 2020 ਵਿਚ ਵਿਆਪਕ ਜਥੇਬੰਦਕ ਸੁਧਾਰਾਂ ਲਈ ਪੱਤਰ ਲਿਖਿਆ ਸੀ। ਉਨ੍ਹਾਂ ਉਸ ਵੇਲੇ ਚੋਣਾਂ ਕਰਾਉਣ ਲਈ ਵੀ ਕਿਹਾ ਸੀ। ਸੀਡਬਲਿਊਸੀ ਦੀ ਮੀਟਿੰਗ ਅੱਜ ਆਨਲਾਈਨ ਹੋਈ। ਇਸ ਦੀ ਅਗਵਾਈ ਸੋਨੀਆ ਗਾਂਧੀ ਨੇ ਕੀਤੀ ਜੋ ਕਿ ਮੈਡੀਕਲ ਜਾਂਚ ਲਈ ਵਿਦੇਸ਼ ’ਚ ਹਨ। ਇਸ ਮੌਕੇ ਸੋਨੀਆ ਦੇ ਨਾਲ ਰਾਹੁਲ ਤੇ ਪ੍ਰਿਯੰਕਾ ਗਾਂਧੀ ਵੀ ਸਨ। ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਆਜ਼ਾਦ ਦੇ ਅਸਤੀਫ਼ੇ ਅਤੇ ਚੋਣ ਲਈ ਰਾਹੁਲ ਦੇ ਉਮੀਦਵਾਰ ਬਣਨ ਬਾਰੇ ਕੋਈ ਜ਼ਿਕਰ ਨਹੀਂ ਹੋਇਆ। ਜ਼ਿਕਰਯੋਗ ਹੈ ਕਿ ਪਾਰਟੀ ਪ੍ਰਧਾਨ ਦੇ ਅਹੁਦੇ ਲਈ ਪਿਛਲੇ ਕੁਝ ਸਮੇਂ ਤੋਂ ਅਸ਼ੋਕ ਗਹਿਲੋਤ ਦਾ ਨਾਂ ਵੀ ਚਰਚਾ ਵਿਚ ਰਿਹਾ ਹੈ। ਪਾਰਟੀ ਦੀ ਕੇਂਦਰੀ ਚੋਣ ਅਥਾਰਿਟੀ ਦੇ ਚੇਅਰਮੈਨ ਮਧੂਸੂਦਨ ਮਿਸਤਰੀ ਨੇ ਦੱਸਿਆ ਕਿ ਚੋਣ ਨੋਟੀਫਿਕੇਸ਼ਨ 22 ਸਤੰਬਰ ਨੂੰ ਜਾਰੀ ਕੀਤਾ ਜਾਵੇਗਾ ਤੇ ਨਾਮਜ਼ਦਗੀਆਂ ਦਾ ਦੌਰ 24 ਸਤੰਬਰ ਨੂੰ ਸ਼ੁਰੂ ਹੋਵੇਗਾ। ਨਾਮਜ਼ਦਗੀਆਂ 30 ਸਤੰਬਰ ਤੱਕ ਦਿੱਤੀਆਂ ਜਾ ਸਕਣਗੀਆਂ। ਨਾਮਜ਼ਦਗੀਆਂ ਦੀ ਪੜਤਾਲ ਪਹਿਲੀ ਅਕਤੂਬਰ ਨੂੰ ਹੋਵੇਗੀ। ਅੱਠ ਅਕਤੂਬਰ ਤੱਕ ਇਹ ਵਾਪਸ ਲਈਆਂ ਜਾ ਸਕਣਗੀਆਂ। ਇਕ ਤੋਂ ਵੱਧ ਉਮੀਦਵਾਰ ਹੋਣ ਦੀ ਸੂਰਤ ਵਿਚ ਚੋਣ 17 ਅਕਤੂਬਰ ਨੂੰ ਕਰਵਾਈ ਜਾਵੇਗੀ। ਜਦਕਿ ਜੇ ਲੋੜ ਪੈਂਦੀ ਹੈ ਤਾਂ ਵੋਟਾਂ ਦੀ ਗਿਣਤੀ ਤੇ ਨਤੀਜੇ ਦਾ ਐਲਾਨ 19 ਅਕਤੂਬਰ ਨੂੰ ਕੀਤੇ ਜਾਣਗੇ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ, ‘ਕਾਂਗਰਸ ਇਕੋ-ਇਕ ਪਾਰਟੀ ਹੈ ਜਿਸ ਵਿਚ ਵੱਖ-ਵੱਖ ਪੱਧਰਾਂ ਉਤੇ ਚੋਣਾਂ ਹੋਈਆਂ ਹਨ ਤੇ ਖਾਸ ਕਰ ਕੇ ਪ੍ਰਧਾਨ ਦੇ ਅਹੁਦੇ ਲਈ ਚੋਣ ਵੀ ਹੋਈ ਹੈ, ਇਹ ਹੁਣ ਵੀ ਹੋਵੇਗੀ ਤੇ ਅੱਗੇ ਵੀ ਹੁੰਦੀ ਰਹੇਗੀ।’



ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਹਿੱਸਾ ਲੈਂਦੇ ਹੋਏ ਪਾਰਟੀ ਆਗੂ।

### ਪਾਰਟੀ ਪ੍ਰਧਾਨ ਲਈ ਨਾਮਜ਼ਦਗੀਆਂ ਦਾ ਦੌਰ 24 ਸਤੰਬਰ ਤੋਂ ਹੋਵੇਗਾ ਸ਼ੁਰੂ

## ਮੁੱਖ ਮੰਤਰੀ ਵੱਲੋਂ 9.30 ਕਰੋੜ ਰੁਪਏ ਦੇ ਨਗਦ ਇਨਾਮਾਂ ਨਾਲ 23 ਖਿਡਾਰੀ ਸਨਮਾਨਿਤ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਰਮਿੰਘਮ ਵਿਖੇ ਹਾਲ ਹੀ ਵਿਚ ਹੋਈਆਂ ਰਾਸ਼ਟਰਮੰਡਲ ਖੇਡਾਂ ਵਿਚ ਹਿੱਸਾ ਲੈਣ ਵਾਲੇ ਪੰਜਾਬ ਦੇ 23 ਖਿਡਾਰੀਆਂ ਦਾ ਅੱਜ 9.30 ਕਰੋੜ ਰੁਪਏ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ। ਮੁੱਖ ਮੰਤਰੀ ਦੀ ਇਸ ਪਹਿਲਕਦਮੀ ਨਾਲ ਪੰਜਾਬ, ਬਰਮਿੰਘਮ ਰਾਸ਼ਟਰਮੰਡਲ ਖੇਡਾਂ ਦੇ ਖਿਡਾਰੀਆਂ ਦਾ ਸਨਮਾਨ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ।

ਇੱਥੇ ਮਿਊਂਸਪਲ ਭਵਨ ਵਿਖੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, ਇਹ ਸਾਡੀ ਸਰਕਾਰ ਵੱਲੋਂ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਤੁਹਾਡੇ ਵੱਲੋਂ ਕੀਤੀ ਗਈ ਕਰੜੀ ਮਿਹਨਤ ਦੇ ਸਤਿਕਾਰ ਵਿਚ ਇਕ

(**ਬਾਕੀ ਸਫ਼ਾ 4 ’ਤੇ**)



ਸਿਵਲ ਹਸਪਤਾਲ, ਰਾਮਪੁਰਾ ਫੂਲ (ਜਿਲ੍ਹਾ ਬਠਿੰਡਾ)

ਵਧੀਆ ਸੇਵਾਵਾਂ ਬਦਲੇ ਜਾਣੇ ਜਾਂਦੇ ਨੇਕ ਸੁਭਾਅ ਦੇ ਮਾਲਕ

ਫੋਨ. 95697-35081



ਡਾ. ਅਸ਼ੀਸ਼ ਬਜ਼ਾਜ
(ਬੱਚਿਆਂ ਦੇ ਮਾਹਿਰ)

Doon Sen. Sec. Public School
Kararwala,Rampura Phul, Distt. Bathinda



Affiliated to CBSE

ਵਧੀਆ ਸਿੱਖਿਆ, ਵਾਜ਼ਿਬ ਫੀਸ

PLAYWAY, LKG
to
+2(MED/NON-MED/COMM/ARTS)

SPECIAL LECTURES BY EXPERTS

for enquiry
99884-72857, 94179-40107,99889-45402

## ਸੰਪਾਦਕੀ

### ਸੁਪਰੀਮ ਕੋਰਟ ਦੇ ਆਦੇਸ਼ 'ਤੇ ਅਮਲ

ਸੁਪਰੀਮ ਕੋਰਟ ਦੇ ਆਦੇਸ਼ ਉੱਤੇ ਅਮਲ ਕਰਦਿਆਂ ਉੱਤਰ ਪ੍ਰਦੇਸ਼ ਦੇ ਨੋਇਡਾ ਵਿਚ ਸੈਕਟਰ 93ਏ ਸਥਿਤ ਦੋ ਗ਼ੈਰ-ਕਾਨੂੰਨੀ 40 ਮੰਜ਼ਿਲੇ ਟਾਵਰ ਗਿਰਾ ਦਿੱਤੇ ਗਏ। ਇਸ ਪ੍ਰਕਿਰਿਆ ਵਿਚ ਨੌਂ ਸਕਿੰਟ ਲੱਗੇ। ਟਵਿਨ ਟਾਵਰ ਏਪੈਕਸ ਅਤੇ ਸਿਏਨ ਦੀ ਐਮਰਲਡ ਕੋਰਟ ਪ੍ਰਾਜੈਕਟ ਦਾ ਹਿੱਸਾ ਸਨ। ਇਨ੍ਹਾਂ ਦੋਵੇਂ ਟਾਵਰਾਂ ਦੀ ਉਸਾਰੀ ਸਮੇਂ ਕੁਝ ਬੇਨਿਯਮੀਆਂ ਕਾਰਨ ਐਮਰਲਡ ਕੋਰਟ ਦੇ ਵਾਸੀਆਂ ਨੇ ਮਾਮਲਾ ਨੋਇਡਾ ਵਿਕਾਸ ਅਥਾਰਟੀ ਕੋਲ ਉਠਾਇਆ ਅਤੇ ਮੂਲ ਪ੍ਰਾਜੈਕਟ ਵਿਚ ਸੋਧਾਂ ਨੂੰ ਮਨਜ਼ੂਰੀ ਨਾ ਦੇਣ ਦੀ ਅਪੀਲ ਕੀਤੀ। ਸੁਣਵਾਈ ਨਾ ਹੋਣ ਉੱਤੇ 2014 ਵਿਚ ਨਿਯਮਾਂ ਦੀਆਂ ਉਲੰਘਣਾਵਾਂ ਕਰਨ ਦਾ ਮੁੱਦਾ ਅਦਾਲਤ ਵਿਚ ਲਿਜਾਇਆ ਗਿਆ। ਅਲਾਹਾਬਾਦ ਹਾਈਕੋਰਟ ਦੇ ਫ਼ੈਸਲੇ ਨੂੰ ਬਰਕਰਾਰ ਰੱਖਦਿਆਂ ਸੁਪਰੀਮ ਕੋਰਟ ਨੇ ਇਕ ਸਾਲ ਪਹਿਲਾਂ ਆਖਿਆ ਸੀ ਕਿ ਸੁਪਰਟੈੱਕ ਕੰਪਨੀ ਅਤੇ ਨੋਇਡਾ ਵਿਕਾਸ ਅਥਾਰਟੀ ਨੇ ਮਿਲੀਭੁਗਤ ਨਾਲ ਗ਼ੈਰ-ਕਾਨੂੰਨੀ ਕੰਮ ਕੀਤਾ ਅਤੇ ਦੋਵੇਂ ਟਾਵਰ ਗ਼ੈਰ-ਕਾਨੂੰਨੀ ਹਨ; ਕੰਪਨੀ ਇਨ੍ਹਾਂ ਨੂੰ ਵਿਕਾਸ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਆਪਣੇ ਖਰਚੇ ਉੱਤੇ ਗਿਰਾਵੇਗੀ। ਇਨ੍ਹਾਂ ਨੂੰ ਗਿਰਾਉਣ ਲਈ 3700 ਕਿਲੋਗ੍ਰਾਮ ਵਿਸਫੋਟਕ ਦੀ ਵਰਤੋਂ ਕੀਤੀ ਗਈ ਜਿਸ ਨਾਲ ਟਾਵਰ 55 ਹਜ਼ਾਰ ਟਨ ਮਲਬੇ ਵਿਚ ਤਬਦੀਲ ਹੋ ਗਏ। ਇਸ ਪ੍ਰਕਿਰਿਆ ਉੱਤੇ ਵੀਹ ਕਰੋੜ ਰੁਪਏ ਖਰਚ ਹੋਏ ਹਨ ਅਤੇ ਹੁਣ ਵਿਕਾਸ ਅਥਾਰਟੀ ਸਾਹਮਣੇ ਮਲਬੇ ਨੂੰ ਨਿਰਧਾਰਤ ਜਗ੍ਹਾ ਉੱਤੇ ਲਿਜਾਣ ਦੀ ਚੁਣੌਤੀ ਹੈ।

ਕੰਪਨੀ ਦਾ ਕਹਿਣਾ ਸੀ ਕਿ ਉਸ ਨੇ ਨੋਇਡਾ ਵਿਕਾਸ ਅਥਾਰਟੀ ਤੋਂ ਸਭ ਤਰ੍ਹਾਂ ਦੀਆਂ ਲੋੜੀਂਦੀਆਂ ਮਨਜ਼ੂਰੀਆਂ ਲਈਆਂ ਹੋਈਆਂ ਸਨ। ਕੰਪਨੀ ਨੇ ਪਹਿਲਾਂ 11 ਮੰਜ਼ਿਲਾਂ ਦੀ ਮਨਜ਼ੂਰੀ ਲਈ ਅਤੇ ਤਿੰਨ ਵਾਰ ਪ੍ਰੋਜੈਕਟ ਨੂੰ ਸੋਧਣ ਦੇ ਨਾਮ ਥੱਲੇ ਮੰਜ਼ਿਲਾਂ ਦੀ ਗਿਣਤੀ 40 ਤੱਕ ਹੋ ਗਈ; ਗ੍ਰੀਨ ਬੈਲਟ ਬਣਾਉਣ ਦਾ ਵਾਅਦਾ ਵੀ ਪੂਰਾ ਨਾ ਕੀਤਾ ਗਿਆ। ਆਪਣੇ ਫ਼ੈਸਲੇ ਵਿੱਚ ਸੁਪਰੀਮ ਕੋਰਟ ਦੇ ਜੱਜ ਜਸਟਿਸ ਡੀਵਾਈ ਚੰਦਰਚੂੜ ਅਤੇ ਜਸਟਿਸ ਐਮਆਰ ਸ਼ਾਹ ਦੇ ਬੈਂਚ ਨੇ ਕੰਪਨੀ ਨੂੰ ਆਦੇਸ਼ ਦਿੱਤਾ ਸੀ ਕਿ ਫਲੈਟ ਲੈਣ ਵਾਲੇ 915 ਦੇ ਕਰੀਬ ਪਰਿਵਾਰਾਂ ਨੂੰ ਬੁਕਿੰਗ ਤੋਂ ਲੈ ਕੇ ਹੁਣ ਤੱਕ 12 ਫ਼ੀਸਦ ਵਿਆਜ ਸਮੇਤ ਰਾਸ਼ੀ ਵਾਪਸ ਮੋੜੀ ਜਾਵੇ; ਇਸ ਤੋਂ ਇਲਾਵਾ ਪ੍ਰੇਸ਼ਾਨ ਕਰਨ ਦੇ ਹਰਜ਼ਾਨੇ ਵਜੋਂ 2 ਕਰੋੜ ਰੁਪਏ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ ਨੂੰ ਅਦਾ ਕੀਤੇ ਜਾਣ।

ਦੇਸ਼ ਭਰ ਵਿਚ ਇਹ ਪ੍ਰਚੱਲਿਤ ਵਰਤਾਰਾ ਹੈ ਕਿ ਕਾਨੂੰਨਾਂ ਅਤੇ ਨਿਯਮਾਂ ਨੂੰ ਲਾਗੂ ਕਰਵਾਉਣ ਵਾਲੀਆਂ ਸੰਸਥਾਵਾਂ ਨਾਲ ਮਿਲੀਭੁਗਤ ਕਰਕੇ ਪਹਿਲਾਂ ਗ਼ੈਰ-ਕਾਨੂੰਨੀ ਤਰੀਕੇ ਨਾਲ ਉਸਾਰੀਆਂ ਕਰ ਲਈਆਂ ਜਾਂਦੀਆਂ ਹਨ ਅਤੇ ਬਾਅਦ ਵਿਚ ਇਨ੍ਹਾਂ ਨੂੰ ਨਿਯਮਤ ਕਰਨ ਦੇ ਮਤਿਆਂ ਨੂੰ ਪ੍ਰਵਾਨਗੀ ਮਿਲ ਜਾਂਦੀ ਹੈ। ਗ਼ੈਰ-ਕਾਨੂੰਨੀ ਕਾਲੋਨੀਆਂ ਦੀ ਉਸਾਰੀ ਹਰ ਸੂਬੇ ਅਤੇ ਸ਼ਹਿਰ ਅੰਦਰ ਲਗਭਗ ਆਮ ਵਰਤਾਰਾ ਹੈ। ਟਵਿਨ ਟਾਵਰ ਨੂੰ ਗਿਰਾਉਣ ਦੇ ਹੁਕਮ ਉੱਤੇ ਅਮਲ ਅਜਿਹੇ ਵਰਤਾਰਿਆਂ ਨੂੰ ਕਮਜ਼ੋਰ ਕਰਨ ਲਈ ਮਿਸਾਲ ਬਣ ਸਕਦਾ ਹੈ। ਮਾਮਲਾ ਕੇਵਲ ਰੀਅਲ ਅਸਟੇਟ ਕੰਪਨੀਆਂ ਵੱਲੋਂ ਆਪਣੇ ਮੁਨਾਫ਼ੇ ਲਈ ਨਿਯਮਾਂ ਦੀ ਉਲੰਘਣਾ ਕਰਨ ਤੱਕ ਸੀਮਤ ਨਹੀਂ ਸਗੋਂ ਇਸ ਨਾਲ ਜੁੜੇ ਸਿਆਸੀ ਆਗੂਆਂ ਅਤੇ ਸਰਕਾਰੀ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਹੋਣੀ ਉਸ ਤੋਂ ਵੀ ਵੱਧ ਜ਼ਰੂਰੀ ਹੈ।

### ਸਿਆਸੀ ਉਥਲ ਪੁਥਲ ਦੀਆਂ ਨਿਸ਼ਾਨੀਆਂ

ਝਾਰਖੰਡ ਵਿਚ ਸਿਆਸੀ ਉਥਲ-ਪੁਥਲ ਹੋਣ ਦੀਆਂ ਨਿਸ਼ਾਨੀਆਂ ਸਾਹਮਣੇ ਆ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਦੀ ਝਾਰਖੰਡ ਇਕਾਈ ਨੇ ਕੇਂਦਰੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ ਕਿ ਮੁੱਖ ਮੰਤਰੀ ਸੋਰੇਨ ਨੇ ਇਕ ਖਾਣ ਖ਼ੁਦ ਨੂੰ ਅਲਾਟ ਕਰ ਲਈ ਹੈ; ਖਣਨ ਵਿਭਾਗ ਵੀ ਉਸੇ ਕੋਲ ਹੈ। ਇਹ ਖਾਣ ਰਾਂਚੀ ਜ਼ਿਲ੍ਹੇ ਦੀ ਅੰਗੜਾ ਤਹਿਸੀਲ ਵਿਚ ਹੈ ਅਤੇ ਇੱਥੋਂ ਇਮਾਰਤਾਂ ਬਣਾਉਣ ਲਈ ਪੱਥਰਾਂ ਦੀ ਖੁਦਾਈ ਹੁੰਦੀ ਹੈ। ਸੋਰੇਨ ਨੇ ਇਸ ਬਾਰੇ ਅਰਜ਼ੀ ਸਤੰਬਰ 2021 ਵਿਚ ਦਿੱਤੀ ਸੀ। 2019 ਵਿਚ ਝਾਰਖੰਡ ਮੁਕਤੀ ਮੋਰਚੇ ਦੀ ਅਗਵਾਈ ਵਾਲੀ ਸਰਕਾਰ ਬਣਨ ਤੋਂ ਬਾਅਦ ਜੂਨ 2021 ਵਿਚ ਖਣਨ ਨੀਤੀ ਬਣਾਈ ਗਈ। ਸਤੰਬਰ 2021 ਵਿਚ ਇਹ ਖਾਣ ਸੋਰੇਨ ਨੂੰ ਅਲਾਟ ਕਰ ਦਿੱਤੀ ਗਈ।

ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਰਘੁਬਰ ਦਾਸ ਨੇ ਇਲਜ਼ਾਮ ਲਗਾਇਆ ਸੀ ਕਿ ਸੋਰੇਨ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਹੈ। ਇਸ ਨੂੰ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਕੋਡ ਆਫ ਕੰਡਕਟ ਜਿਸ ਅਨੁਸਾਰ ਕੋਈ ਵੀ ਮੁੱਖ ਮੰਤਰੀ ਜਾਂ ਮੰਤਰੀ ਵਪਾਰ ਜਾਂ ਕਾਰੋਬਾਰ ਨਹੀਂ ਕਰ ਸਕਦਾ; ਦਾ ਉਲੰਘਣ ਦੱਸਿਆ ਗਿਆ ਸੀ। ਭਾਜਪਾ ਅਨੁਸਾਰ ਇਸ ਨੂੰ ਲੋਕ ਨੁਮਾਇੰਦਗੀ ਕਾਨੂੰਨ ਦੀ ਧਾਰਾ 9 ਦੀ ਉਲੰਘਣਾ ਵੀ ਦੱਸਿਆ ਗਿਆ ਸੀ। ਕੇਂਦਰੀ ਚੋਣ ਕਮਿਸ਼ਨ ਨੇ ਲੋਕ ਨੁਮਾਇੰਦਗੀ ਕਾਨੂੰਨ ਤਹਿਤ ਕਾਰਵਾਈ ਕਰਦਿਆਂ ਭਾਜਪਾ ਆਗੂਆਂ ਦੀ ਸ਼ਿਕਾਇਤ ਨੂੰ ਸਹੀ ਮੰਨਿਆ ਹੈ। ਕਮਿਸ਼ਨ ਨੇ ਝਾਰਖੰਡ ਦੇ ਰਾਜਪਾਲ ਨੂੰ ਸਿਫ਼ਾਰਸ਼ ਕੀਤੀ ਹੈ ਕਿ ਸੋਰੇਨ ਨੂੰ ਵਿਧਾਇਕ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਜਾਵੇ। ਰਾਜਪਾਲ ਨੇ ਇਸ ਬਾਰੇ ਅਜੇ ਤਕ ਕੋਈ ਫ਼ੈਸਲਾ ਨਹੀਂ ਕੀਤਾ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਰਾਜਪਾਲ ਵੱਲੋਂ ਬਰਖ਼ਾਸਤਗੀ ਦਾ ਆਦੇਸ਼ ਜਾਰੀ ਕਰਨ ਤੋਂ ਬਾਅਦ ਸੋਰੇਨ ਅਤੇ ਉਸ ਦੀ ਵਜ਼ਾਰਤ ਨੂੰ ਅਸਤੀਫ਼ਾ ਦੇਣਾ ਪਵੇਗਾ; ਉਹ ਦੁਬਾਰਾ ਮੁੱਖ ਮੰਤਰੀ ਬਣ ਸਕਦਾ ਹੈ ਪਰ ਉਸ ਨੂੰ ਛੇ ਮਹੀਨਿਆਂ ਦੇ ਅੰਦਰ ਅੰਦਰ ਦੁਬਾਰਾ ਵਿਧਾਇਕ ਬਣਨ ਦੀ ਜ਼ਰੂਰਤ ਪਵੇਗੀ।

ਇਸ ਮਾਮਲੇ ਵਿਚ ਕਈ ਪੇਚੀਦਗੀਆਂ ਹਨ; ਪਹਿਲੀ, ਕੀ ਸੋਰੇਨ ਵੱਲੋਂ ਕੀਤਾ ਗਿਆ ਫ਼ੈਸਲਾ ਗ਼ੈਰ-ਕਾਨੂੰਨੀ ਸੀ ਤੇ ਉਹ ਭ੍ਰਿਸ਼ਟਾਚਾਰ ਦੇ ਦਾਇਰੇ ਵਿਚ ਆਉਂਦਾ ਹੈ; ਦੂਸਰੀ, ਕੀ ਕੇਂਦਰੀ ਚੋਣ ਕਮਿਸ਼ਨ ਦਾ ਫ਼ੈਸਲਾ ਸਹੀ ਹੈ; ਆਦਿ। ਇਨ੍ਹਾਂ ਪੇਚੀਦਗੀਆਂ ਤੋਂ ਜ਼ਿਆਦਾ ਅਹਿਮ ਉਹ ਸਿਆਸੀ ਸੰਕਟ ਹੈ ਜਿਸ ਦਾ ਸਾਹਮਣਾ ਝਾਰਖੰਡ ਮੁਕਤੀ ਮੋਰਚੇ ਦੀ ਅਗਵਾਈ ਵਾਲੀ ਸਰਕਾਰ ਨੂੰ ਕਰਨਾ ਪਵੇਗਾ। ਇਸ ਸੰਕਟ ਦਾ ਮੂਲ ਭਾਜਪਾ ਦੀ ਗ਼ੈਰ-ਭਾਜਪਾ ਸਰਕਾਰਾਂ ਨੂੰ ਤੋੜਨ ਦੀ ਉਸ ਸਮਰੱਥਾ ਵਿਚ ਹੈ ਜਿਸ ਦਾ ਮੁਜ਼ਾਹਰਾ ਉਹ ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਕਈ ਹੋਰ ਸੂਬਿਆਂ ਵਿਚ ਕਰ ਚੁੱਕੀ ਹੈ। ਝਾਰਖੰਡ ਦੀ ਵਿਧਾਨ ਸਭਾ ਦੇ 81 ਵਿਧਾਇਕਾਂ ਵਿਚੋਂ ਸੱਤਾਧਾਰੀ ਗੱਠਜੋੜ ਕੋਲ 30 ਵਿਧਾਇਕ ਝਾਰਖੰਡ ਮੁਕਤੀ ਮੋਰਚੇ ਦੇ ਹਨ, 18 ਕਾਂਗਰਸ ਦੇ ਅਤੇ ਇਕ ਰਾਸ਼ਟਰੀ ਜਨਤਾ ਦਲ ਦਾ। ਭਾਜਪਾ 26 ਮੈਂਬਰਾਂ ਨਾਲ ਮੁੱਖ ਵਿਰੋਧੀ ਪਾਰਟੀ ਹੈ। ਗ਼ੈਰ-ਭਾਜਪਾ ਪਾਰਟੀਆਂ ਜਾਣਦੀਆਂ ਹਨ ਕਿ ਭਾਜਪਾ ਅਜਿਹੀ ਸਿਆਸੀ ਤਾਕਤ ਹੈ ਜਿਹੜੀ ਕਿਸੇ ਵੀ ਪਾਰਟੀ ਦੇ ਵਿਧਾਇਕਾਂ ਨੂੰ ਵੱਡੀ ਗਿਣਤੀ ਵਿਚ ਆਪਣੇ ਨਾਲ ਮਿਲਾਉਣ ਦੀ ਸਮਰੱਥਾ ਰੱਖਦੀ ਹੈ। ਇਸ ਬਾਰੇ ਸਭ ਤੋਂ ਤਲਖ਼ ਤਜਰਬਾ ਮਹਾਰਾਸ਼ਟਰ ਵਿਚ ਕਿਸੇ ਸਮੇਂ ਭਾਜਪਾ ਦੀ ਭਾਈਵਾਲ ਰਹੀ ਸ਼ਿਵ ਸੈਨਾ ਨੂੰ ਹੋਇਆ ਜਦ ਕੁਝ ਹਫ਼ਤੇ ਪਹਿਲਾਂ ਭਾਜਪਾ ਨੇ ਏਕਨਾਥ ਸ਼ਿੰਦੇ ਦੀ ਅਗਵਾਈ ਵਿਚ ਉਸ ਦੇ 40 ਤੋਂ ਜ਼ਿਆਦਾ ਵਿਧਾਇਕਾਂ ਨੂੰ ਮਾਂ-ਪਾਰਟੀ ਨਾਲੋਂ ਤੋੜ ਕੇ ਊਧਵ ਠਾਕਰੇ ਦੀ ਸਰਕਾਰ ਦਾ ਪਾਸਾ ਪਲਟ ਦਿੱਤਾ। ਝਾਰਖੰਡ ਮੁਕਤੀ ਮੋਰਚਾ ਤੇ ਹੇਮੰਤ ਸੋਰੇਨ ਵੀ ਅਜਿਹੇ ਖ਼ਤਰੇ ਨੂੰ ਮੰਡਰਾਉਂਦਾ ਦੇਖ ਰਹੇ ਹਨ। ਸ਼ਨਿਚਰਵਾਰ ਸੋਰੇਨ ਨੇ ਆਪਣੇ ਹਮਾਇਤੀ ਵਿਧਾਇਕਾਂ ਨਾਲ ਪਿਕਨਿਕ ਮਨਾਈ ਅਤੇ ਖ਼ਬਰਾਂ ਅਨੁਸਰ ਉਨ੍ਹਾਂ ਨੂੰ ਪੱਛਮੀ ਬੰਗਾਲ ਜਾਂ ਛੱਤੀਸਗੜ੍ਹ ਭੇਜਿਆ ਜਾ ਸਕਦਾ ਹੈ। ਮਹਾਰਾਸ਼ਟਰ ਵਿਚ ਸਰਕਾਰ ਦਾ ਪਾਸਾ ਪਲਟਾਉਣ ਤੋਂ ਬਾਅਦ ਤਿਲੰਗਾਨਾ ਦੇ ਇਕ ਭਾਜਪਾ ਆਗੂ ਨੇ ਕਿਹਾ ਸੀ ਕਿ ਤਿਲੰਗਾਨਾ ਵਿਚ ਵੀ ਕੋਈ 'ਏਕਨਾਥ ਸ਼ਿੰਦੇ' ਪੈਦਾ ਹੋ ਸਕਦਾ ਹੈ। ਗ਼ੈਰ-ਭਾਜਪਾ ਪਾਰਟੀਆਂ ਜਾਣਦੀਆਂ ਹਨ ਕਿ ਭਾਜਪਾ ਉਨ੍ਹਾਂ ਦੇ ਕਿਸੇ ਵੀ ਆਗੂ ਨੂੰ 'ਏਕਨਾਥ ਸ਼ਿੰਦੇ' ਬਣਾ ਸਕਦੀ ਹੈ। ਆਉਣ ਵਾਲੇ ਦਿਨਾਂ ਵਿਚ ਝਾਰਖੰਡ ਮੁਕਤੀ ਮੋਰਚੇ ਅਤੇ ਭਾਜਪਾ ਵਿਚਕਾਰ ਹੋਣ ਵਾਲੀ ਸਿਆਸੀ ਟੱਕਰ ਹੀ ਇਹ ਦੱਸੇਗੀ ਕਿ ਦੇਸ਼ ਦੀਆਂ ਖੇਤਰੀ ਪਾਰਟੀਆਂ ਆਪਣਾ ਵਜੂਦ ਬਚਾ ਸਕਦੀਆਂ ਹਨ ਜਾਂ ਨਹੀਂ।

Printed, Published and Owned by Ramanpreet Singh and Printed at The Caseeno Printing Press, Rampura Phul and Published from Monthly Rozana Savera, Guru Nanak Pura Mohalla, Near Vishwash Mandir, Rampua Phul, Distt Bathinda, Punjab
Editor : Ramanpreet Singh
RNI No.PunPun 04267
E-mail : rozanasavera@gmail.com
ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਦਾ ਕਸੀਨੋ ਪ੍ਰਿੰਟਿਗ ਪ੍ਰੈਸ, ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ।
ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

# ਭਦੌੜ ਦੇ ਦੋਵੇਂ ਪ੍ਰਾਚੀਨ ਸ਼ਿਵ ਮੰਦਿਰਾਂ 'ਚ ਤਰੋਦਸ਼ੀ ਮੇਲਾ ਧੂਮਧਾਮ ਨਾਲ ਮਨਾਇਆ ਗਿਆ

ਭਦੌੜ,
-ਰੋਜ਼ਾਨਾ ਸਵੇਰਾ-

ਕਸਬਾ ਭਦੌੜ ਦੇ ਪ੍ਰਾਚੀਨ ਗਿਆਰਾਂ ਰੁਦਰ ਸ਼ਿਵ ਮੰਦਰ ਸ਼ਿਵ ਮੰਦਰ ਪੱਥਰਾਂ ਵਾਲੀ ਭਦੌਡ ? ਵਿਖੇ ਤਰੋਦਸ਼ੀ ਮੇਲਾ ਹਰੇਕ ਮਹੀਨੇ ਦੀ ਤਰ੍ਹਾਂ ਗਿਆਰਾਂ ਰੁਦਰ ਸ਼ਿਵ ਮੰਦਰ ਪੱਥਰਾਂ ਵਾਲੀ ਕਮੇਟੀ (ਰਜਿ:) ਦੀ ਦੇਖ ਰੇਖ ਹੇਠ ਧੂਮਧਾਮ ਨਾਲ ਮਨਾਇਆ ਗਿਆ।ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਨੇ ਨਤਮਸਤਕ ਹੋ ਕੇ ਸ਼ਿਵ ਭਗਵਾਨ ਦੀ ਪੂਜਾ ਅਰਚਨਾ ਕੀਤੀ ਅਤੇ ਭਗਤਾਂ ਨੇ ਭਗਵਾਨ ਸ਼ਿਵ ਦੇ ਗਿਆਰਾਂ ਰੁਦਰਾ ਤੇ ਸ਼ਰਧਾ ਭਾਵਨਾ ਨਾਲ ਜਲ ਚੜ੍ਹਾਇਆ।ਸ਼ਿਵ ਭੋਲੇ ਦਾ ਅੱਧੀ ਰਾਤ ਤਕ ਗੁਣਗਾਣ ਕੀਤਾ ਗਿਆ। ਸਿੰਗਲਾ ਬੁੱਕ ਡਿਪੂ ਦੇ ਮਾਲਕ ਅਜੈ ਕੁਮਾਰ ਬਾਟੀ,ਪਿੰਨੀ ਸਿੰਗਲਾ ਪੁੱਤਰ ਮਾ: ਭਗਵਾਨ ਦਾਸ ਸਿੰਗਲਾ ਅਤੇ ਸਮੂਹ ਸਿੰਗਲਾ ਪਰਿਵਾਰ ਵੱਲੋਂ ਲੰਗਰ ਦੀ ਸੇਵਾ ਲਗਾਈ ਗਈ। ਸਾਰੇ ਸ਼ਰਧਾਲੂਆਂ ਨੂੰ ਪੂਰੀਆਂ, ਛੋਲੇ ਅਤੇ ਜਲੇਬੀਆਂ ਦਾ ਲੰਗਰ ਸਿੰਗਲਾ ਪਰਿਵਾਰ ਦੀ ਤਰਫੋਂ ਵਰਤਾਇਆ ਗਿਆ। ਇਸ ਸਮੇਂ ਸ਼ਿਵ ਮੰਦਰ ਪੱਥਰਾਂ ਵਾਲੀ ਕਮੇਟੀ ਦੇ ਪ੍ਰਧਾਨ ਹੀਰਾ ਲਾਲ ਸਿੰਗਲਾ, ਸ਼ੀਤਲ ਕੁਮਾਰ,ਗੋਰਾ ਲਾਲ ਸਿੰਗਲਾ,ਪੁਨੀਤ ਬਿੱਲੋ,ਗੀਤਕਾਰ ਤੇ ਗਾਇਕ ਮਨੀਸ਼ ਮੋਨਾ,ਲਾਲੀ ਸ਼ਰਮਾ,ਦੀਪੂ ਮਿੱਤਲ ਨੇ ਦੱਸਿਆ ਕਿ ਮੰਦਰ ਚ ਹਰੇਕ ਮਹੀਨੇ ਤਰੋਦਸ਼ੀ ਮੇਲਾ ਮਨਾਇਆ ਜਾਂਦਾ ਹੈ ਅਤੇ ਸੰਗਤਾਂ ਲਈ ਖੁੱਲ੍ਹਾ ਭੰਡਾਰਾ ਲਗਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹਰੇਕ ਸਾਲ ਮਹਾਂਸ਼ਿਵਰਾਤਰੀ ਦਾ ਤਿਉਹਾਰ ਵੀ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ ਜਿਸ ਚ ਦੂਰੋਂ ਦੂਰੋਂ ਸੰਗਤਾਂ ਪੁੱਜਦੀਆਂ ਹਨ ਸੱਚੇ ਮਨ ਨਾਲ ਸੁਖੀ ਮਨੋਕਾਮਨਾ ਨੂੰ ਸ਼ਿਵ ਭਗਵਾਨ ਪੂਰਾ ਕਰਦੇ ਹਨ।ਉਨ੍ਹਾਂ ਦੱਸਿਆ ਕਿ ਮੰਦਿਰ ਕਮੇਟੀ ਵੱਲੋਂ ਮੰਦਰ ਦੀ ਭਲਾਈ ਲਈ ਕੀਤੇ ਜਾਂਦੇ ਕਾਰਜ ਨਿਰਵਿਘਨ ਸਦਾ ਜਾਰੀ ਰਹਿੰਦੇ ਹਨ।ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਹੀਰਾ ਲਾਲ ਸਿੰਗਲਾ, ਸਰਪ੍ਰਸਤ ਲਾਲਾ ਸਰੂਪ ਚੰਦ ਸਿੰਗਲਾ, ਸ਼ੀਤਲ ਕੁਮਾਰ,ਜਗਸੀਰ ਚੰਦ, ਪਵਨ ਪੱਪੂ ਸਿੰਗਲਾ, ਲਾਲਾ ਸੁਰਿੰਦਰਪਾਲ ਵੱਡਾ ਚੌਂਕ, ਮੇਸ਼ੀ ਕੇਬਲ ਵਾਲੇ, ਸੇਵਾਦਾਰ ਕ੍ਰਿਸ਼ਨ ਚੰਦ, ਬੀਰਬਲ ਦਾਸ ਦੀਪਗੜ੍ਹੀਆ, ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਹਰੀਸ਼ ਗਰਗ, ਨੇਸ਼ਾ ਸ਼ਰਮਾ ਬਿਜਲੀ ਵਾਲੇ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।ਇਸੇ ਤਰ੍ਹਾਂ ਪ੍ਰਾਚੀਨ ਸ਼ਿਵ ਮੰਦਰ ਬਾਗ ਵਾਲਾ ਵਿਖੇ ਵੀ ਤਰੋਦਸ਼ੀ ਮੇਲਾ ਧੂਮਧਾਮ ਨਾਲ ਤਰੋਦਸ਼ੀ ਮੇਲਾ ਵੈੱਲਫੇਅਰ ਕਮੇਟੀ (ਰਜਿ:)ਦੀ ਸੁਯੋਗ ਅਗਵਾਈ ਹੇਠ ਮਨਾਇਆ ਗਿਆ। ਜਿਸ ਚ ਵੱਡੀ ਗਿਣਤੀ ਵਿਚ ਸ਼ਿਵ ਭਗਤਾਂ ਨੇ ਨਤਮਸਤਕ ਹੋ ਕੇ ਸ਼ਿਵ ਭਗਵਾਨ ਦੇ ਗਿਆਰਾਂ ਰੁਦਰ ਤੇ ਸ਼ਰਧਾਪੂਰਵਕ ਢੰਗ ਨਾਲ ਜਲ ਚੜ੍ਹਾਇਆ ਅੱਧੀ ਰਾਤ ਤਕ ਸ਼ਿਵ ਭਗਵਾਨ ਦੀ ਪੂਜਾ ਅਰਚਨਾ ਕੀਤੀ ਗਈ ਤਰੋਦਸੀ ਮੇਲਾ ਵੈੱਲਫੇਅਰ ਕਮੇਟੀ ਵੱਲੋਂ ਸੰਗਤਾਂ ਲਈ ਲੰਗਰ ਲਗਾਇਆ ਗਿਆ ਜਿਸ ਨੂੰ ਸ਼ਰਧਾਲੂਆਂ ਨੇ ਪੰਗਤਾਂ ਵਿੱਚ ਬੈਠ ਕੇ ਛਕਿਆ।ਤਰੋਦਸੀ ਮੇਲਾ ਵੈੱਲਫੇਅਰ ਕਮੇਟੀ ਦੇ ਪ੍ਰਧਾਨ ਰਾਜੇਸ਼ ਸ਼ੈਲੀ, ਧਰਮਿੰਦਰ ਕੁਮਾਰ ਮੱਖਣ,ਪ੍ਰਦੀਪ ਗੁਪਤਾ ਅਤੇ ਸੰਜੇ ਕੁਮਾਰ ਨੇ ਦੱਸਿਆ ਕਿ ਹਰੇਕ ਮਹੀਨੇ ਇੱਥੇ ਨਗਰ ਵਾਸੀਆਂ ਦੇ ਸਹਿਯੋਗ ਨਾਲ ਤਰੋਦਸੀ ਮੇਲਾ ਲਗਾਇਆ ਜਾਂਦਾ ਹੈ ਜਿਸ ਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਪੁੱਜ ਕੇ ਆਪਣੀਆਂ ਮਨੋਕਾਮਨਾਵਾਂ ਮੰਗਦੇ ਹਨ ਅਤੇ ਭਗਵਾਨ ਸ਼ਿਵ ਸ਼ਰਧਾਲੂਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ ਉਨ੍ਹਾਂ ਦੱਸਿਆ ਕਿ ਹਰੇਕ ਸਾਲ ਮਹਾਂਸ਼ਿਵਰਾਤਰੀ ਦਾ ਤਿਉਹਾਰ ਵੀ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਜਿਸ ਚ ਦੂਰੋਂ ਦੂਰੋਂ ਸੰਗਤਾਂ ਪੁੱਜਦੀਆਂ ਹਨ ਉਨ੍ਹਾਂ ਦੱਸਿਆ ਕਿ ਇਸ ਮੰਦਿਰ ਦਾ ਇਤਿਹਾਸ ਬੜਾ ਪੁਰਾਣਾ ਹੈ ਪੁਰਾਤਨ ਸਮੇਂ ਚ ਇਸ ਮੰਦਰ ਦੇ ਚਾਰ ਚੁਫੇਰੇ ਵੱਡਾ ਬਾਗ ਸੀ ਜਿਸ ਕਾਰਨ ਇਸ ਮੰਦਰ ਨੂੰ ਬਾਗ਼ ਵਾਲਾ ਮੰਦਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਇਸ ਸਮੇਂ ਤਰੋਦਸ਼ੀ ਮੇਲਾ ਵੈੱਲਫੇਅਰ ਕਮੇਟੀ ਦੇ ਪ੍ਰਧਾਨ ਰਾਜੇਸ਼ ਸ਼ੈਲੀ, ਧਰਮਿੰਦਰ ਮੱਖਣ, ਪ੍ਰਦੀਪ ਗੁਪਤਾ, ਸੰਜੇ ਕੁਮਾਰ,ਪ੍ਰਧਾਨ ਵਿਜੈ ਭਦੌੜੀਆ, ਸਰਪੰਚ ਸੁਰਿੰਦਰਪਾਲ ਗਰਗ, ਦੀਪਕ ਬਜਾਜ, ਧਰਮਿੰਦਰਪਾਲ ਪਪੂ ਭਠੇ ਵਾਲੇ, ਚਰਨੀ ਸਿੰਗਲਾ,ਪੱਪੂ ਸਿੰਗਲਾ, ਤੋਂ ਇਲਾਵਾ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ।



ਭਗਵਾਨ ਸ਼ਿਵ ਦੇ ਗਿਆਰਾਂ ਮੈਂਬਰਾਂ ਤੇ ਜਲ ਚੜ੍ਹਾਉਂਦੇ ਹੋਏ ਸ਼ਰਧਾਲੂ ਅਤੇ ਮੰਦਰ ਦੀ ਕਮੇਟੀ ਦੇ ਪ੍ਰਧਾਨ ਹੀਰਾ ਲਾਲ ਸਿੰਗਲਾ ਅਤੇ ਸਮੂਹ ਮੈਂਬਰਾਨ

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਸਮਾਨਪੁਰ ਵਿਖੇ ਜੋਨ ਪੱਧਰੀ ਖੇਡਾਂ ਦੀ ਸ਼ੁਰੂਆਤ ਕਰਕੇ ਨੌਜਵਾਨ ਬੱਚਿਆਂ ਨੂੰ ਜਲਵਾਹਾ ਨੇ ਦਿੱਤੀ ਹੱਲਾਸ਼ੇਰੀ

ਨਵਾਂ ਸ਼ਹਿਰ,
-ਰੋਜ਼ਾਨਾ ਸਵੇਰਾ-

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਸਮਾਨਪੁਰ ਵਿਖੇ ਜਾਡਲਾ ਜੋਨ ਦੇ ਕਰੀਬ 27 ਸਕੂਲਾਂ ਦੇ ਜੋਨ ਪੱਧਰੀ ਟੂਰਨਾਮੈਂਟਾਂ ਦੀ ਸ਼ੁਰੂਆਤ ਆਮ ਆਦਮੀ ਪਾਰਟੀ ਯੂਥ ਵਿੰਗ ਪੰਜਾਬ ਦੇ ਸੂਬਾ ਉੱਪ ਪ੍ਰਧਾਨ ਅਤੇ ਪੰਜਾਬ ਦੇ ਬੁਲਾਰੇ ਸਤਨਾਮ ਸਿੰਘ ਜਲਵਾਹਾ ਵੱਲੋਂ ਰੀਬਨ ਕੱਟਕੇ ਕੀਤੀ ਗਈ। ਇਸ ਮੌਕੇ ਉਸਮਾਨਪੁਰ ਸਕੂਲ ਦੇ ਸਤਿਕਾਰਯੋਗ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਰਵਿੰਦਰ ਕੌਰ ਨੇ ਮੁੱਖ ਮਹਿਮਾਨ ਸਤਨਾਮ ਸਿੰਘ ਜਲਵਾਹਾ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਉਨ੍ਹਾਂ ਨੂੰ ਜੀ ਆਇਆਂ ਆਖਿਆ ਅਤੇ ਸਕੂਲ ਦੇ ਸਮੁੱਚੇ ਸਟਾਫ਼ ਵੱਲੋ ਸਤਨਾਮ ਸਿੰਘ ਜਲਵਾਹਾ ਦਾ ਸੁਆਗਤ ਕੀਤਾ ਗਿਆ। ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸਤਨਾਮ ਸਿੰਘ ਜਲਵਾਹਾ ਨੇ ਕਿਹਾ ਕਿ ਬੱਚੇ ਕੋਮਲ ਕਲੀਆਂ ਹੁੰਦੇ ਹਨ ਅਤੇ ਬੱਚਿਆਂ ਦਾ ਦਿਮਾਗ ਕੋਰੇ ਕਾਗਜ਼ ਦੀ ਤਰ੍ਹਾਂ ਹੁੰਦਾ ਹੈ ਇਨ੍ਹਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਲਈ ਖੇਡਾਂ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਪੰਜਾਬ ਸਰਕਾਰ ਵੱਲੋਂ ਵੀ ਨੌਜਵਾਨ ਨੂੰ ਖੇਡਾਂ ਨਾਲ ਜੋੜਨ ਲਈ ਵੱਡੇ ਪੱਧਰ ਉੱਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਬੱਚਿਆਂ ਨੂੰ ਹੱਲਾਸ਼ੇਰੀ ਦਿੰਦਿਆਂ ਸਾਰੇ ਬੱਚਿਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਹੋਣਹਾਰ ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਪੰਜਾਬ ਪੱਧਰ ਤੱਕ ਲਿਜਾਉਣਾ ਉਨ੍ਹਾਂ ਦੀ ਪ੍ਰਾਥਮਿਕਤਾ ਹੋਵੇਗੀ। ਉਨ੍ਹਾਂ ਬੱਚਿਆਂ ਨੂੰ ਆਪਣੀ ਖੇਡ ਦਾ ਪ੍ਰਦਰਸ਼ਨ ਪ੍ਰੇਮ ਭਾਵ ਨਾਲ ਖੇਡਣ ਲਈ ਵੀ ਅਪੀਲ ਕੀਤੀ ਅਤੇ ਇਸ ਮੌਕੇ ਜਲਵਾਹਾ ਨੇ ਨੌਜਵਾਨ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਟੀਚਰਾਂ ਦੇ ਮਾਪਿਆਂ ਦਾ ਸਤਿਕਾਰ ਕਰੋ ਕਿਉਂਕਿ ਮਾਪੇ ਸਾਡਾ ਪਾਲਣ ਪੋਸ਼ਣ ਕਰਨ ਲਈ ਆਪਣੀ ਪੂਰੀ ਜ਼ਿੰਦਗੀ ਦੀ ਕਮਾਈ ਆਪਣੇ ਬੱਚਿਆਂ ਦੀ ਭਵਿੱਖ ਬਣਾਉਣ ਲਈ ਨਿਸ਼ਾਵਰ ਕਰਦੇ ਹਨ ਅਤੇ ਅਧਿਆਪਕ ਸਾਨੂੰ ਚੰਗਾ ਇਨਸਾਨ ਬਣਾਉਣ ਲਈ ਅਤੇ ਦੁਨੀਆ ਜਿੱਤਣ ਦੇ ਕਾਬਲ ਬਣਾਉਂਦੇ ਹਨ ਇਸ ਲਈ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਸਨਮਾਨ ਅਤੇ ਸਤਿਕਾਰ ਜ਼ਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਰਵਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿ ਸਾਡੇ ਸਕੂਲ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਅੱਜ ਪੰਜਾਬ ਸਰਕਾਰ ਵੱਲੋਂ ਸ ਸਤਨਾਮ ਸਿੰਘ ਜਲਵਾਹਾ ਜੀ ਵਿਸ਼ੇਸ਼ ਤੌਰ ਉੱਤੇ ਬੱਚਿਆਂ ਨੂੰ ਆਸ਼ੀਰਵਾਦ ਦੇਣ ਅਤੇ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਪਹੁੰਚੇ ਹਨ। ਇਸ ਮੌਕੇ ਜਲਵਾਹਾ ਵੱਲੋਂ ਬੱਚਿਆਂ ਨੂੰ ਕੁਦਰਤੀ ਬਨਸਪਤੀ ਨੂੰ ਸਾਂਭਣ ਲਈ ਵੀ ਵਿਸ਼ੇਸ਼ ਤੌਰ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਹਵਾ ਪਾਣੀ ਅਤੇ ਧਰਤੀ ਨੂੰ ਗੰਧਲਾ ਹੋਣ ਤੋਂ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ ਜੇਕਰ ਅਸੀਂ ਪਾਣੀ ਨੂੰ ਬਰਬਾਦ ਹੋਣ ਤੋਂ ਨਾ ਬਚਾਇਆ ਤਾਂ ਆਉਣ ਵਾਲਾ ਸਮਾਂ ਬਹੁਤ ਭਿਆਨਕ ਹੋਣਗੇ ਅਤੇ ਸਾਡੇ ਬੱਚੇ ਪਾਣੀ ਦੀ ਬੂੰਦ ਬੂੰਦ ਲਈ ਤਰਸਣਗੇ। ਜਲਵਾਹਾ ਨੇ ਕਿਹਾ ਕਿ ਪੰਜਾਬ ਦੇ ਬੱਚਿਆਂ ਵਿੱਚ ਬਹੁਤ ਟੇਲੈਂਟ ਹੈ ਅਤੇ ਉਹ ਆਪਣੀ ਮਿਹਨਤ ਨਾਲ ਹਰ ਮੁਕਾਮ ਹਾਸਲ ਕਰਨ ਦਾ ਜਜ਼ਬਾ ਰੱਖਦੇ ਹਨ ਉਨ੍ਹਾਂ ਬੱਚਿਆਂ ਨੂੰ ਆਪਣੀ ਖੇਡ ਨੂੰ ਪੂਰੀ ਲਗਨ, ਮਿਹਨਤ ਅਤੇ ਦਿਮਾਗ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜਲਵਾਹਾ ਵੱਲੋਂ ਕਬੱਡੀ ਦੇ ਮੈਚ ਦੀ ਸ਼ੁਰੂਆਤ ਕਰਵਾਈ ਗਈ।

ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਰਵਿੰਦਰ ਕੌਰ, ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਸੰਘਾ, ਬਲਾਕ ਪ੍ਰਧਾਨ ਕੁਲਵੰਤ ਸਿੰਘ ਰਕਾਸਣ, ਯੂਥ ਵਿੰਗ ਪੰਜਾਬ ਦੇ ਸਕੱਤਰ ਮਨਦੀਪ ਸਿੰਘ ਅਟਵਾਲ, ਯੂਥ ਆਗੂ ਯੋਧਵੀਰ ਕੰਗ, ਰਿਟਾਇਰ ਏਐਸਆਈ ਮਲਕੀਤ ਸਿੰਘ ਨਵਾਂਸ਼ਹਿਰ, ਸ਼ਹਿਰੀ ਪ੍ਰਧਾਨ ਜੋਗੇਸ਼ ਰਾਹੋਂ, ਸਰਕਲ ਪ੍ਰਧਾਨ ਵਿਜੇ ਕੁਮਾਰ ਸੋਨੀ, ਮਾਸਟਰ ਬਲਵੀਰ ਸਿੰਘ, ਮਾਸਟਰ ਨਰਿੰਦਰ ਸਿੰਘ ਸੋਤਾ ਅਤੇ ਸਕੂਲ ਸਟਾਫ਼ ਤੋਂ ਇਲਾਵਾ ਵੱਖ ਵੱਖ ਸਕੂਲਾਂ ਦੇ ਅਧਿਆਪਕ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਸਥਾਨਕ ਸਰਕਾਰਾਂ ਬਾਰੇ ਮੰਤਰੀ ਵੱਲੋਂ ਸੂਬੇ ਦੇ 13 ਨਗਰ ਨਿਗਮਾਂ ਅਤੇ ਕਲਾਸ-1 ਯੂ.ਐਲ.ਬੀਜ ਲਈ 'ਮੇਰਾ ਸ਼ਹਿਰ-ਮੇਰਾ ਮਾਨ' ਮੁਹਿੰਮ ਦੀ ਸ਼ੁਰੂਆਤ

## ਸ਼ਹਿਰਾਂ ਨੂੰ ਹਰਿਆ-ਭਰਿਆ ਬਣਾਉਣਾ ਤੇ ਸਵੱਛਤਾ ਤੇ ਸਫਾਈ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣਾ ਇਸ ਮੁਹਿੰਮ ਦਾ ਮੁੱਖ ਉਦੇਸ਼: ਡਾ. ਇੰਦਰਬੀਰ ਸਿੰਘ ਨਿੱਜਰ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਵੱਲੋਂ ਅੱਜ 'ਮੇਰਾ ਸਹਿਰ-ਮੇਰਾ ਮਾਨ' ਮੁਹਿੰਮ ਦੀ ਸੁਰੂਆਤ ਕੀਤੀ ਗਈ ਜੋ ਸੂਬੇ ਦੇ 13 ਨਗਰ ਨਿਗਮਾਂ ਅਤੇ ਕਲਾਸ-1 ਯੂ.ਐਲ.ਬੀਜ ਨੂੰ ਸਾਫ਼-ਸੁਥਰਾ ਅਤੇ ਹਰਿਆ ਭਰਿਆ ਬਣਾਏਗੀ। ਡਾ. ਨਿੱਜਰ ਨੇ ਜਿਲਾ ਐਸ.ਏ.ਐਸ.ਨਗਰ ਵਿਖੇ ਇੱਕ ਪ੍ਰੋਗਰਾਮ ਦੌਰਾਨ ਇਸ ਮੁਹਿੰਮ ਦੀ ਸੁਰੂਆਤ ਕੀਤੀ ਜਿਸ ਉਪਰੰਤ ਉਨਾਂ ਸੀਵਰੇਜ, ਸੜਕਾਂ ਅਤੇ ਪਾਰਕਾਂ ਦੀ ਸਫਾਈ ਦਾ ਜਾਇਜ਼ਾ ਲਿਆ।

ਇਸ ਪ੍ਰੋਗਰਾਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਡਾ, ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ 'ਮੇਰਾ ਸਹਿਰ-ਮੇਰਾ ਮਾਨ' ਮੁਹਿੰਮ ਦਾ ਉਦੇਸ ਸਫਾਈ ਨੂੰ ਜੀਵਨ ਦਾ ਜਰੀਆ ਬਣਾ ਕੇ ਸਾਡੇ ਸਹਿਰਾਂ ਨੂੰ ਸਾਫ-ਸੁਥਰਾ ਅਤੇ ਹਰਿਆ ਭਰਿਆ ਬਣਾਉਣਾ ਹੈ। ਇਸ ਮੁਹਿੰਮ ਦਾ ਮੁੱਖ ਉਦੇਸ ਸਵੱਛਤਾ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਸੂਬੇ ਦੇ ਵਸਨੀਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣਾ ਹੈ।

ਡਾ. ਨਿੱਜਰ ਨੇ ਕਿਹਾ ਕਿ ਕਿਸੇ ਵੀ ਮੁਹਿੰਮ ਨੂੰ ਸਫਲ ਬਣਾਉਣ ਲਈ ਭਾਈਚਾਰੇ ਦੀ ਸਮੂਲੀਅਤ ਜਰੂਰੀ ਹੈ। ਉਨਾਂ ਕਿਹਾ ਕਿ ਇਸ ਮੁਹਿੰਮ ਤਹਿਤ ਹਰ ਸੁੱਕਰਵਾਰ ਨੂੰ ਇੱਕ ਜਾਂ ਦੋ ਵਾਰਡਾਂ ਵਿੱਚ ਹਰੇਕ ਯੂ.ਐਲ.ਬੀ. ਦੇ ਸਾਰੇ ਭਾਈਵਾਲਾਂ ਨੂੰ ਸਾਮਲ ਕਰਕੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਉਹਨਾਂ ਦੱਸਿਆ ਕਿ ਇਹਨਾਂ ਗਤੀਵਿਧੀਆਂ ਨੂੰ ਅਮਲ ਵਿੱਚ ਲਿਆਉਣ ਲਈ ਮਿੱਥੇ ਪ੍ਰੋਗਰਾਮ ਅਨੁਸਾਰ ਅਧਿਕਾਰੀਆਂ ਵੱਲੋਂ ਉਹਨਾਂ ਵਾਰਡਾਂ ਦਾ ਦੌਰਾ ਕੀਤਾ ਜਾਵੇਗਾ ਤਾਂ ਜੋ ਇਸ ਮੁਹਿੰਮ ਤਹਿਤ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਨੂੰ ਨੇਪਰੇ ਚਾੜ੍ਹਨ ਲਈ ਮਿੱਥੇ ਗਏ ਦਿਨ ਲੋੜੀਦੇ ਉਪਕਰਣਾਂ ਦੇ ਨਾਲ ਲੋੜੀਂਦੀ ਮੈਨਪਾਵਰ ਉਪਲਬਧ ਹੋਵੇ।

ਡਾ. ਨਿੱਜਰ ਨੇ ਦੱਸਿਆ ਕਿ ਮੇਰਾ ਸ਼ਹਿਰ-ਮੇਰਾ ਮਾਨ ਨੂੰ ਕਮਿਊਨਿਟੀ ਅਧਾਰਤ ਮੁਹਿੰਮ ਬਣਾਉਣ ਲਈ ਵਾਰਡਾਂ ਦੇ ਲੋਕ, ਕਮਿਊਨਿਟੀ ਲੀਡਰਾਂ, ਧਾਰਮਿਕ ਆਗੂਆਂ, ਐਨ.ਜੀ.ਓ./ ਸਮਾਜਿਕ ਧਾਰਮਿਕ ਸੰਸਥਾਵਾਂ ਅਤੇ ਸਥਾਨਕ ਸਿਆਸੀ ਆਗੂਆਂ ਨੂੰ ਵੀ ਸਾਮਲ ਕੀਤਾ ਜਾਵੇਗਾ। ਉਹਨਾਂ ਅੱਗੇ ਦੱਸਿਆ ਕਿ ਯੂ.ਐਲ.ਬੀਜ਼ ਨੂੰ ਵਾਰਡ ਕਮੇਟੀਆਂ/ਮੁਹੱਲਾ ਕਮੇਟੀਆਂ ਦੇ ਗਠਨ ਨੂੰ ਵੀ ਉਤਸਾਹਿਤ ਕਰਨਾ ਚਾਹੀਦਾ ਹੈ ਜੋ ਆਪਣੇ ਵਾਰਡਾਂ/ ਮੁਹੱਲਿਆਂ ਦੀ ਪ੍ਰਭਾਵਸ਼ਾਲੀ ਸਫਾਈ ਨਿਯਮਤ ਤੌਰ 'ਤੇ ਯਕੀਨੀ ਬਣਾਈ ਜਾ ਸਕੇ। ਇਸ ਮੌਕੇ ਬੋਲਦਿਆਂ ਹਲਕਾ ਵਿਧਾਇਕ ਸ੍ਰੀ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲੋਕਾਂ ਦਾ ਜੀਵਨ ਪੱਧਰ ਉੱਪਰ ਚੁੱਕਣ ਲਈ ਅਤੇ ਸਵੱਛਤਾ ਤੇ ਸਾਫ ਸਫਾਈ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਲਈ 'ਮੇਰਾ ਸਹਿਰ-ਮੇਰਾ ਮਾਨ' ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਵਿੱਚ ਉਹ ਵਧ ਚੜ ਕੇ ਪ੍ਰਸ਼ਾਸਨ ਅਤੇ ਸਰਕਾਰ ਦਾ ਸਾਥ ਦੇਣ ਤਾਂ ਜੋ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਦਾ ਸੁਪਨਾ ਸਾਕਾਰ ਕੀਤਾ ਜਾ ਸਕੇ

ਇਸ ਮੌਕੇ ਸਕੂਲੀ ਬੱਚਿਆਂ ਵੱਲੋਂ ਹਲਕਾ ਵਿਧਾਇਕ ਸ੍ਰੀ ਕੁਲਵੰਤ ਸਿੰਘ ਦੀ ਮੌਜੂਦਗੀ ਵਿੱਚ ਸਵੱਛਤਾ ਅਪਣਾਓ ਅਤੇ ਪਲਾਸਟਿਕ ਦੀ ਵਰਤੋਂ ਬੰਦ ਕਰਨ ਦੇ ਵਿਸ਼ੇ 'ਤੇ ਇਕ ਨਾਟਕ ਦੀ ਪੇਸ਼ਕਾਰੀ ਵੀ ਕੀਤੀ ਗਈ ਇਸ ਮੌਕੇ ਨਗਰ ਨਿਗਮ ਦੇ ਮੇਅਰ ਸ੍ਰੀ ਅਮਰਜੀਤ ਸਿੰਘ ਸਿੱਧੂ ਵੀ ਮੌਜੂਦ ਸਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਈਸਾ ਕਾਲੀਆ ਐਮ.ਡੀ. ਪੀ.ਐਮ.ਆਈ.ਡੀ.ਸੀ., ਸ੍ਰੀ ਅਮਿਤ ਤਲਵਾੜ ਡਿਪਟੀ ਕਮਿਸਨਰ ਐਸ.ਏ.ਐਸ.ਨਗਰ, ਸ੍ਰੀ ਵਿਵੇਕ ਸੀਲ ਸੋਨੀ ਐਸ.ਐਸ.ਪੀ., ਸ੍ਰੀਮਤੀ ਨਵਜੋਤ ਕੌਰ ਕਮਿਸਨਰ ਨਗਰ ਨਿਗਮ, ਸ੍ਰੀਮਤੀ ਸਰਬਜੀਤ ਕੌਰ ਐਸ.ਡੀ.ਐਮ. ਐਸ.ਏ.ਐਸ.ਨਗਰ, ਸ੍ਰੀ ਕੁਲਜੀਤ ਸਿੰਘ ਬੇਦੀ ਡਿਪਟੀ ਮੇਅਰ ਨਗਰ ਨਿਗਮ, ਸ੍ਰੀ ਵਨੀਤ ਵਰਮਾ ਸੂਬਾ ਪ੍ਰਧਾਨ ਟਰੇਡ ਯੂਨੀਅਨ ਆਮ ਆਦਮੀ ਪਾਰਟੀ ਮੌਜੂਦ ਸਨ।




# ਮੁੱਖ ਮੰਤਰੀ ਦੀ ਅਗਵਾਈ ਵਿਚ ਮੰਤਰੀ ਮੰਡਲ ਵੱਲੋਂ ਸਾਲ 2022 ਲਈ ਨਵੀਂ 'ਪੰਜਾਬ ਅਨਾਜ ਲੇਬਰ ਨੀਤੀ' ਅਤੇ ਸੋਧੀ ਹੋਈ 'ਪੰਜਾਬ ਅਨਾਜ ਟਰਾਂਸਪੋਰਟ ਨੀਤੀ' ਨੂੰ ਪ੍ਰਵਾਨਗੀ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਮੰਤਰੀ ਮੰਡਲ ਨੇ ਅੱਜ ਸਾਲ 2022 ਲਈ ਨਵੀਂ 'ਪੰਜਾਬ ਅਨਾਜ ਲੇਬਰ ਨੀਤੀ' ਅਤੇ ਸੋਧੀ ਹੋਈ 'ਪੰਜਾਬ ਅਨਾਜ ਟਰਾਂਸਪੋਰਟ ਨੀਤੀ' ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਦਾ ਉਦੇਸ਼ ਪਾਰਦਰਸਤਾ ਨੂੰ ਹੋਰ ਯਕੀਨੀ ਬਣਾਉਣ ਲਈ ਵਿਆਪਕ ਭਾਈਵਾਲੀ ਵਧਾਉਣ ਨਾਲ-ਨਾਲ ਬੇਲੋੜੀ ਮੁਕੱਦਮੇਬਾਜੀ ਨੂੰ ਘਟਾਉਣਾ ਹੈ। ਇਹ ਫੈਸਲਾ ਅੱਜ ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।

ਇਨਾਂ ਵੇਰਵਿਆਂ ਨੂੰ ਸਾਂਝਾ ਕਰਦੇ ਹੋਏ ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਸੋਧੀ ਹੋਈ ਟਰਾਂਸਪੋਰਟ ਨੀਤੀ ਹੁਣ ਝੋਨੇ ਦੀ ਖਰੀਦ ਅਤੇ ਮਿਲਿੰਗ ਲਈ ਕਸਟਮ ਮਿਲਿੰਗ ਨੀਤੀ ਨਾਲ ਮੇਲ ਖਾਂਦੀ ਹੈ ਅਤੇ ਮਿਲਿੰਗ ਨੀਤੀ ਨੂੰ ਮੰਤਰੀ ਮੰਡਲ ਵੱਲੋਂ ਕੁਝ ਦਿਨ ਪਹਿਲਾਂ ਪ੍ਰਵਾਨਗੀ ਦਿੱਤੀ ਗਈ ਸੀ। ਉਨਾਂ ਕਿਹਾ ਕਿ ਪਹਿਲੀ ਵਾਰ ਸੋਧੀ ਹੋਈ ਟਰਾਂਸਪੋਰਟ ਨੀਤੀ ਵਿਚ ਸਰਕਾਰ ਦੁਆਰਾ ਖਰੀਦੇ ਗਏ ਅਨਾਜ ਦੀ ਢੋਆ-ਢੁਆਈ ਲਈ ਵਰਤੇ ਜਾਣ ਵਾਲੇ ਹਰੇਕ ਵਾਹਨ ਵਿੱਚ ਵਾਹਨ ਟਰੈਕਿੰਗ ਸਿਸਟਮ ਲਾਉਣ ਦੀ ਵਿਵਸਥਾ ਲਾਜ਼ਮੀ ਬਣਾਈ ਗਈ ਹੈ। ਉਨਾਂ ਕਿਹਾ ਕਿ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦੇ ਵਿਭਾਗ ਨੇ ਵਾਹਨ ਟਰੈਕਿੰਗ ਪ੍ਰਣਾਲੀ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਨੂੰ ਸੂਚੀਬੱਧ ਕਰਨ ਦੀ ਪ੍ਰਕਿਰਿਆ ਪਹਿਲਾਂ ਹੀ ਸੁਰੂ ਕਰ ਦਿੱਤੀ ਹੈ ਅਤੇ ਮੌਜੂਦਾ ਅਨਾਜ ਖਰੀਦ ਪੋਰਟਲ ਨੂੰ ਇਨਾਂ ਪ੍ਰਣਾਲੀਆਂ ਦੇ ਅਨੁਕੂਲ ਬਣਾਉਣਾ ਹੈ। ਲੇਬਰ ਨੀਤੀ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦੇ ਹੋਏ ਬੁਲਾਰੇ ਨੇ ਦੱਸਿਆ ਕਿ ਨੀਤੀ ਦਾ ਉਦੇਸ ਮੌਜੂਦਾ ਲੇਬਰ ਅਤੇ ਕਾਰਟੇਜ ਨੀਤੀ ਨੂੰ ਖਤਮ ਕਰਕੇ ਲੇਬਰ ਐਸੋਸੀਏਸਨਾਂ ਦੀ ਵਿਆਪਕ ਭਾਈਵਾਲੀ ਨੂੰ ਯਕੀਨੀ ਬਣਾਉਣਾ ਹੈ। ਪਿਛਲੇ ਕਈ ਦਹਾਕਿਆਂ ਤੋਂ ਅਮਲ ਅਧੀਨ ਮੌਜੂਦਾ ਲੇਬਰ ਅਤੇ ਕਾਰਟੇਜ ਨੀਤੀ ਨੂੰ ਬਹੁਤ ਸਾਰੇ ਲੋਕਾਂ ਦੁਆਰਾ ਠੇਕੇਦਾਰਾਂ ਦੇ ਪੱਖ ਵਿੱਚ ਸਮਝਿਆ ਜਾਂਦਾ ਸੀ, ਕਿਉਂਕਿ ਇਸ ਵਿੱਚ ਇੱਕੋ ਵਿਅਕਤੀ ਦੁਆਰਾ ਲੇਬਰ ਅਤੇ ਆਵਾਜਾਈ ਦੀਆਂ ਸੇਵਾਵਾਂ ਪ੍ਰਦਾਨ ਕੀਤੇ ਜਾਣਾ ਸਾਮਲ ਸੀ। ਉਨਾਂ ਦੱਸਿਆ ਕਿ ਅੱਜ ਕੈਬਨਿਟ ਵੱਲੋਂ ਪ੍ਰਵਾਨ ਕੀਤੀ ਗਈ ਨੀਤੀ ਨਾਲ ਲੇਬਰ ਅਤੇ ਆਵਾਜਾਈ ਦੀਆਂ ਸੇਵਾਵਾਂ ਨੂੰ ਪੂਰੀ ਤਰਾਂ ਨਾਲ ਵੱਖ ਕਰ ਦਿੱਤਾ ਗਿਆ ਹੈ, ਜਿਸ ਨਾਲ ਲੇਬਰ ਐਸੋਸੀਏਸਨਾਂ ਨੂੰ ਟੈਂਡਰ ਪ੍ਰਕਿਰਿਆ ਵਿੱਚ ਸਿੱਧੇ ਤੌਰ 'ਤੇ ਹਿੱਸਾ ਲੈਣ ਦੇ ਵੱਧ ਮੌਕੇ ਪ੍ਰਦਾਨ ਕੀਤੇ ਗਏ ਹਨ, ਜਿਸ ਨਾਲ ਠੇਕੇਦਾਰ ਦੇ ਮੁਨਾਫੇ ਨੂੰ ਹਟਾ ਕੇ ਸਿੱਧੇ ਤੌਰ 'ਤੇ ਉਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ।

ਲੇਬਰ ਅਤੇ ਟਰਾਂਸਪੋਰਟ ਨੀਤੀਆਂ ਦੇ ਪਹਿਲੂਆਂ ਨੂੰ ਉਜਾਗਰ ਕਰਦੇ ਹੋਏ ਬੁਲਾਰੇ ਨੇ ਦੱਸਿਆ ਕਿ ਕੁਝ ਮੌਜੂਦਾ ਵਿਵਸਥਾਵਾਂ ਨੂੰ ਹਟਾ ਕੇ ਸਿਸਟਮ ਨੂੰ ਪੂਰੀ ਤਰਾਂ ਪਾਰਦਰਸੀ ਬਣਾਉਣ ਲਈ ਹਰ ਕੋਸ਼ਿਸ਼ ਕੀਤੀ ਗਈ ਹੈ ਜਿਸ ਦੀ ਕਈ ਵਾਰ ਦੁਰਵਰਤੋਂ ਹੁੰਦੀ ਸੀ ਅਤੇ ਬੇਲੋੜੀ ਮੁਕੱਦਮੇਬਾਜੀ ਦਾ ਕਾਰਨ ਬਣਦੇ ਸਨ। ਉਨਾਂ ਕਿਹਾ ਕਿ ਇਸ ਸਬੰਧ ਵਿੱਚ ਟੈਂਡਰ ਪ੍ਰਕਿਰਿਆ ਦੌਰਾਨ ਦਸਤੀ ਦਸਤਾਵੇਜਾਂ ਨੂੰ ਜਮਾਂ ਕਰਵਾਏ ਜਾਣ ਨੂੰ ਪੂਰੀ ਤਰਾਂ ਖਤਮ ਕਰਨ ਦਾ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ ਕਿਉਂਕਿ ਬਹੁਤ ਸਾਰੇ ਟੈਂਡਰ ਅਕਸਰ ਉਨਾਂ ਦੇ ਜਮਾਂ ਕਰਵਾਏ ਦਸਤਾਵੇਜ਼ਾਂ ਵਿੱਚ ਮਾਮੂਲੀ ਤਰੁੱਟੀਆਂ ਦੇ ਕਾਰਨ ਰੱਦ ਕਰ ਦਿੱਤੇ ਜਾਂਦੇ ਸਨ।

ਨਵੇਂ ਉੱਦਮੀਆਂ ਨੂੰ ਉਤਸਾਹਿਤ ਕਰਨ ਲਈ ਸਰਕਾਰ ਦੀ ਸੋਚ ਦੇ ਅਨੁਸਾਰ ਇਸ ਨੀਤੀ ਨੇ ਪਹਿਲੀ ਵਾਰ ਪੁਰਾਣੇ ਤਜਰਬੇ ਦੀ ਲੋੜ ਤੋਂ ਬਗੈਰ ਟੈਂਡਰਾਂ ਵਿੱਚ ਹਿੱਸਾ ਲੈਣ ਦੀ ਇਜਾਜਤ ਦਿੱਤੀ ਹੈ। ਉਨਾਂ ਕਿਹਾ ਕਿ ਟਰੱਕਾਂ ਦੇ ਰਜਿਸਟ੍ਰੇਸਨ ਸਰਟੀਫਿਕੇਟ ਅਤੇ ਮਜਦੂਰਾਂ ਦੇ ਆਧਾਰ ਨੰਬਰਾਂ ਦੇ ਵੇਰਵਿਆਂ ਨੂੰ ਜਮਾਂ ਕਰਾਉਣ ਦੀ ਜਰੂਰਤ ਨੂੰ ਵੀ ਖਤਮ ਕਰ ਦਿੱਤਾ ਗਿਆ ਹੈ ਕਿਉਂ ਜੋ ਇਸ ਦੇ ਨਤੀਜੇ ਵਜੋਂ ਅਕਸਰ ਮਾਮੂਲੀ ਊਣਤਾਈਆਂ ਕਾਰਨ ਬੋਲੀ ਰੱਦ ਹੋ ਜਾਂਦੀ ਸੀ ਅਤੇ ਬਾਅਦ ਵਿੱਚ ਬੇਲੋੜੀ ਮੁਕੱਦਮੇਬਾਜੀ ਦਾ ਕਾਰਨ ਬਣ ਜਾਂਦਾ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਨੀਤੀ ਨੇ ਟੈਂਡਰ ਕੀਤੇ ਕਲੱਸਟਰ ਦਾ ਆਕਾਰ 50 ਹਜ਼ਾਰ ਮੀਟਰਕ ਟਨ ਤੱਕ ਸੀਮਤ ਕਰ ਦਿੱਤਾ ਹੈ। ਇਸ ਦੇ ਕਾਰਨ ਇਕ ਕਲੱਸਟਰ ਵਿੱਚ ਵਾਹਨਾਂ ਅਤੇ ਮਜਦੂਰਾਂ ਦੀ ਲੋੜ ਘਟਣ ਦੀ ਆਸ ਹੈ ਜਿਸ ਨਾਲ ਮੁਕਾਬਲਾ ਵਧਦਾ ਹੈ। ਇਸ ਤੋਂ ਪਹਿਲਾਂ ਕਿਸੇ ਕਲੱਸਟਰ ਦੇ ਆਕਾਰ ਨੂੰ ਨਿਰਧਾਰਤ ਕਰਨ ਲਈ ਕੋਈ ਮਾਪਦੰਡ ਨਹੀਂ ਸੀ ਜੋ ਕਿ ਘੱਟੋ-ਘੱਟ 5000 ਮੀਟਰਕ ਟਨ ਤੋਂ ਲੈ ਕੇ ਵੱਧ ਤੋਂ ਵੱਧ 2 ਲੱਖ ਮੀਟਰਕ ਟਨ ਤੱਕ ਵੱਖੋ-ਵੱਖ ਆਕਾਰ ਦਾ ਹੁੰਦਾ ਹੈ। ਦੋਵਾਂ ਨੀਤੀਆਂ ਨੇ ਹੁਣ ਡਿਪਟੀ ਕਮਿਸਨਰ ਨੂੰ ਟੈਂਡਰ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ ਹੈ।



# ਕੈਪਟਨ ਅਮਰਿੰਦਰ ਨੇ ਕਿਹਾ, ਕਾਂਗਰਸ ਦੀ ਇੰਨੀਂ ਤਬਾਹੀ ਹੋ ਚੁੱਕੀ ਹੈ ਕਿ ਹੁਣ ਕੋਈ ਵਾਪਸੀ ਨਹੀਂ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ ਕਿ ਮੌਜੂਦਾ ਪ੍ਰਬੰਧ ਅਧੀਨ ਕਾਂਗਰਸ ਪਾਰਟੀ ਦੀ ਇਨ੍ਹੀਂ ਮਾੜੀ ਹਾਲਤ ਹੋ ਚੁੱਕੀ ਹੈ ਕਿ ਕੋਈ ਵਾਪਸੀ ਹੁਣ ਮੁਮਕਿਨ ਨਹੀਂ ਲਗਦੀ।

ਸਾਬਕਾ ਮੁੱਖ ਮੰਤਰੀ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਅੱਜ ਟਿੱਪਣੀ ਕੀਤੀ, ਜਦੋਂ ਤੁਸੀਂ ਗੁਲਾਮ ਨਬੀ ਆਜ਼ਾਦ ਵਰਗੇ ਨੇਤਾਵਾਂ ਨੂੰ ਪਾਰਟੀ ਵਿੱਚ ਨਹੀਂ ਰੱਖ ਸਕਦੇ ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਪਾਰਟੀ ਨਾਲ ਬਿਤਾਈ ਹੈ, ਤਾਂ ਤੁਹਾਡੇ ਕੰਮਕਾਜ ਅਤੇ ਤੁਹਾਡੇ ਸੀਨੀਅਰ ਅਤੇ ਤਜਰਬੇਕਾਰ ਨੇਤਾਵਾਂ ਨਾਲ ਪੇਸ਼ ਆਉਣ ਦੇ ਤਰੀਕੇ ਵਿੱਚ ਕੁਝ ਬੇਹੱਦ ਜਿਆਦਾ ਗਲਤ ਹੈ।

ਕੁਝ ਨੇਤਾਵਾਂ ਦੇ ਦਾਅਵਿਆਂ 'ਤੇ ਸਵਾਲ ਉਠਾਉਂਦੇ ਹੋਏ ਕੈਪਟਨ ਅਮਰਿੰਦਰ ਨੇ ਕਿਹਾ, ÷ਪਾਰਟੀ ਨੇ ਆਜ਼ਾਦ ਨੂੰ ਇੰਨਾ ਕੁਝ ਦਿੱਤਾ ਹੈ, ਇਹ ਇਕ ਪਰਸਪਰ ਪ੍ਰਕਿਰਿਆ ਹੈ। ਪਾਰਟੀ ਕਈ ਲੀਡਰਾਂ ਦੇ ਖ਼ੂਨ-ਪਸੀਨੇ ਅਤੇ ਮਿਹਨਤ ਨਾਲ ਬਣੀ ਹੈ , ਉਹਨਾ ਨੇ ਟਿੱਪਣੀ ਕਰਦਿਆਂ ਕਿਹਾ, ਇਹ ਇੱਕਲੇ ਇਕ ਆਦਮੀ ਦਾ ਰਾਜ ਨਹੀਂ ਹੋ ਸਕਦਾ। ਸ੍ਰੀ ਆਜ਼ਾਦ ਨੂੰ ਦਲੇਰਾਨਾ ਫੈਸਲਾ ਲੈਣ ਲਈ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਇੱਕ ਇਮਾਨਦਾਰ ਆਗੂ ਸਿਧਾਂਤਾਂ ਅਤੇ ਮਾਣ ਨਾਲ ਸਮਝੌਤਾ ਨਹੀਂ ਕਰ ਸਕਦਾ। ਉਹਨਾਂ ਕਿਹਾ, ਇਹ ਕੁਝ ਖਾਸ ਸਵਾਰਥਾਂ ਵਾਲੇ ਲੋਕਾਂ ਦਾ ਇੱਕ ਖਾਸ ਸਮੂਹ ਹੈ ਜਿਸ ਨੇ ਪਾਰਟੀ ਨੂੰ ਸਾੜਨਾ ਸ਼ੁਰੂ ਕਰ ਦਿੱਤੀ ਹੈ , ਉਹਨਾਂ ਨੇ ਕਿਹਾ ਕਿ ਕਿਸ ਤਰ੍ਹਾਂ ਸਮੇਂ-ਸਮੇਂ 'ਤੇ ਇੰਨੇ ਤੂਫਾਨਾਂ ਦਾ ਸਾਹਮਣਾ ਕਰਨ ਵਾਲੇ ਅਤੇ ਪਾਰਟੀ ਦੇ ਨਾਲ ਖੜੇ ਰਹੇ ਸੀਨੀਅਰ ਆਗੂਆਂ ਨੂੰ ਪਾਰਟੀ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕੁਝ ਕਾਂਗਰਸੀ ਆਗੂਆਂ ਵੱਲੋਂ ਸ੍ਰੀ ਆਜ਼ਾਦ ਖ਼ਿਲਾਫ਼ ਦਿੱਤੇ ਭੈੜੇ ਬਿਆਨਾਂ ਦੀ ਨਿਖੇਧੀ ਕੀਤੀ।



# ਜੁਲਾਈ ਮਹੀਨੇ ਤੱਕ 9.89 ਲੱਖ ਲਾਭਪਾਤਰੀਆਂ ਨੂੰ 717 ਕਰੋੜ ਰੁਪਏ ਪੈਨਸ਼ਨ ਦੀ ਵੰਡ: ਡਾ. ਬਲਜੀਤ ਕੌਰ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਜੁਲਾਈ, 2022 ਤੱਕ ਵਿਧਵਾ ਤੇ ਬੇਸਹਾਰਾ ਮਹਿਲਾਵਾਂ ਅਤੇ ਦਿਵਿਆਂਗ ਤੇ ਆਸ਼ਰਿਤ ਬੱਚਿਆਂ ਨੂੰ 717.41 ਕਰੋੜ ਰੁਪਏ ਪੈਨਸ਼ਨ ਦੀ ਵੰਡ ਕੀਤੀ ਗਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਵਰਗਾਂ ਦੇ ਕੁੱਲ 30,67,927 ਲਾਭਪਾਤਰੀ ਪੈਨਸ਼ਨ ਲੈ ਰਹੇ ਹਨ, ਜਿਨ੍ਹਾਂ ਵਿੱਚ ਬਜ਼ੁਰਗ, ਦਿਵਿਆਂਗ, ਵਿਧਵਾ ਤੇ ਬੇਸਹਾਰਾ ਮਹਿਲਾਵਾਂ ਅਤੇ ਆਸ਼ਰਿਤ ਬੱਚੇ ਸ਼ਾਮਲ ਹਨ। ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਸੂਬੇ ਵਿੱਚ ਵੱਖ-ਵੱਖ ਪੈਨਸ਼ਨ ਸਕੀਮਾਂ ਅਧੀਨ ਕੁੱਲ 9,89,041 ਵਿਧਵਾ ਤੇ ਬੇਸਹਾਰਾ ਮਹਿਲਾਵਾਂ ਅਤੇ ਦਿਵਿਆਂਗ ਤੇ ਆਸ਼ਰਿਤ ਬੱਚੇ ਲਾਭਪਾਤਰੀ ਹਨ, ਜਿਨ੍ਹਾਂ ਨੂੰ ਜੁਲਾਈ ਮਹੀਨੇ ਤੱਕ 717.41 ਕਰੋੜ ਰੁਪਏ ਦੀ ਪੈਨਸ਼ਨ ਵੰਡੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਵੱਖ-ਵੱਖ ਪੈਨਸ਼ਨ ਸਕੀਮਾਂ ਲਈ ਕੁੱਲ 4647.82 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਹੈ।

# ਹੈਂਡੀਕੈਪਡ ਸੁਪਰਡੈਂਟ ਰਾਜ ਸਿੰਘ ਰੋਜ਼ਾਨਾ 220 ਕਿਲੋਮੀਟਰ ਸ਼ਫ਼ਰ ਤੈਅ ਕਰਕੇ, ਇਮਾਨਦਾਰੀ ਨਾਲ ਨਿਭਾ ਰਿਹਾ ਡਿਊਟੀ

**ਖਮਾਣੋਂ,**
**-ਰੋਜ਼ਾਨਾ ਸਵੇਰਾ-**

ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਸਬ ਡਵੀਜ਼ਨ ਖਰੜ ਦੇ ਖੇਤਰ ਅਧੀਨ ਆਉਂਦੇ ਪਿੰਡ ਰੁੜਕੀ ਪੁਖਤਾ ਦਾ ਵਸਨੀਕ ਰਾਜ ਸਿੰਘ ਆਪਣੀ ਡਿਊਟੀ ਪ੍ਰਤੀ ਪਾਬੰਦ ਹੁੰਦਾ ਹੋਇਆ ਰੋਜ਼ਾਨਾ 220 ਕਿਲੋਮੀਟਰ ਸਫ਼ਰ ਤੈਅ ਕਰਦਾ ਹੈ। ਜਦੋਂ ਕਿ ਪੰਚਾਇਤ ਵਿਭਾਗ ਵਿੱਚ ਨਿਯੁਕਤ ਸੁਪਰਡੈਂਟ ਰਾਜ ਸਿੰਘ ਦੇ ਦੱਸਣ ਮੁਤਾਬਕ ਉਹ ਕਰੀਬ 70% ਹੈਂਡੀਕੈਪਡ ਹੈ। ਪਿੰਡ ਰੁੜਕੀ ਪੁਖਤਾ ਤੋਂ ਬੱਸਾਂ ਰਾਂਹੀ ਸ਼੍ਰੀ ਆਨੰਦਪੁਰ ਸਾਹਿਬ ਤੱਕ ਰੋਜ਼ਾਨਾ ਕਰੀਬ 110 ਕਿਲੋਮੀਟਰ ਜਾਣ ਤੇ 110 ਕਿਲੋਮੀਟਰ ਵਾਪਿਸ ਆਉਣ ਸਮੇਂ ਹੈਂਡੀਕੈਪਡ ਹੋਣ ਕਰਕੇ ਉਸਨੂੰ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ



ਸੁਪਰਡੈਂਟ ਰਾਜ ਸਿੰਘ ਨੇ ਪੰਜਾਬ ਸਰਕਾਰ ਨੂੰ ਗੁਹਾਰ ਲਗਾਈ ਹੈ ਕਿ ਉਨ੍ਹਾਂ ਦੇ ਦਾਇਰੇ ਮੁਤਾਬਕ ਕਿਸੇ ਢੁੱਕਵੀਂ ਜਗ੍ਹਾ ਨਿਯੁਕਤ ਕੀਤਾ ਜਾਵੇ, ਜਿੱਥੇ ਉਹਨਾਂ ਨੂੰ ਡਿਊਟੀ ਆਉਣ ਜਾਣ ਵਿੱਚ ਕੋਈ ਦਿੱਕਤ ਨਾ ਆਵੇ, ਸਫ਼ਰ ਨੂੰ ਸੌਖਾ ਤੈਅ ਕਰ ਸਕਣ। ਦੱਸਣਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਬਨਾਉਣ ਸਮੇਂ ਵੀ ਸਰਕਾਰੀ ਮੁਲਾਜਮਾਂ ਦੀ ਡਿਊਟੀ ਦੇ ਨਿਯੁਕਤ ਸਥਾਨ ਦੀ ਦੂਰੀ ਸਬੰਧੀ ਆਪਣੇ ਸੰਬੋਧਨਾਂ ਵਿੱਚ ਬੋਲਦੇ ਰਹੇ ਹਨ ਅਤੇ ਸਰਕਾਰ ਬਨਾਉਣ ਤੋਂ ਬਾਅਦ ਵੀ ਮੁਲਾਜਮਾਂ ਦੇ ਰੋਜ਼ਾਨਾ ਦੇ ਸਫ਼ਰ ਦੇ ਮੁੱਦੇ ਤੇ ਬੋਲਦੇ ਸੁਣੇ ਗਏ ਹਨ।

ਪਰ ਇਹ 70% ਹੈਂਡੀਕੈਪਡ ਸੁਪਰਡੈਂਟ ਰਾਜ ਸਿੰਘ ਅੱਜ ਵੀ ਰੋਜ਼ਾਨਾ 220 ਕਿਲੋਮੀਟਰ ਸਫ਼ਰ ਤੈਅ ਕਰਦਾ ਹੋਇਆ ਆਪਣੀ ਡਿਊਟੀ ਨੂੰ ਬੜੀ ਇਮਾਨਦਾਰੀ ਨਾਲ ਨਿਭਾ ਰਿਹਾ ਹੈ। ਦੱਸਣਯੋਗ ਹੈ ਕਿ ਸੁਪਰਡੈਂਟ ਰਾਜ ਸਿੰਘ ਬੀਡੀਪੀਓ ਦਫਤਰ ਖਮਾਣੋਂ ਵੀ ਬਤੌਰ ਸੁਪਰਡੈਂਟ ਲੰਮਾ ਸਮਾਂ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਪੰਚਾਇਤਾਂ ਦਾ ਮੰਨਣਾ ਹੈ ਕਿ ਸੁਪਰਡੈਂਟ ਰਾਜ ਸਿੰਘ ਇੱਕ ਇਮਾਨਦਾਰੀ ਦੀ ਮਿਸਾਲ ਹਨ।

# ਸਕੂਲ ਬਚਾਓ ਕਮੇਟੀ ਨੇ ਬੱਚਿਆਂ ਲਈ ਛੱਤ ਮੁਹੱਈਆ ਕਰਵਾਉਣ ਦੀ ਕੀਤੀ ਮੰਗ

## ➢ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਹੈ ਸ਼ੰਘਰਸ, ਪਰ ਅਜੇ ਤੱਕ ਸ਼ੰਘਰਸ਼ ਨੂੰ ਨਹੀਂ ਪਿਆ ਬੂਰ - ਕਮੇਟੀ ➢ ਮਾਮਲਾ ਹੁਣ ਧਿਆਨ 'ਚ ਆਇਆ - ਐਸ.ਡੀ.ਐਮ ਧੂਰੀ

**ਧੂਰੀ,**
**-ਰੋਜ਼ਾਨਾ ਸਵੇਰਾ-**

ਮੁੱਖ ਮੰਤਰੀ ਦੇ ਸ਼ਹਿਰ ਧੂਰੀ ਦੇ ਵਾਰਡ ਨੰਬਰ -10 'ਚ ਪੁਰਾਣੇ ਤਹਿਸੀਲ ਕੰਪਲੈਕਸ ਨੇੜੇ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਦੀ ਅਤਿ ਖਸਤਾ ਹਾਲਤ ਕਾਰਨ ਸਕੂਲ 'ਚ ਪੜ੍ਹਦੇ ਗਰੀਬ ਵਰਗ ਦੇ ਬੱਚੇ ਛੱਤ ਨਾ ਹੋਣ ਕਾਰਨ ਖੁੱਲ੍ਹੇ ਆਸਮਾਨ ਹੇਠ ਬੈਠਕੇ ਪੜ੍ਹਨ ਲਈ ਮਜਬੂਰ ਹੋ ਰਹੇ ਹਨ। ਪਰ ਲੰਮੇ ਸਮੇਂ ਤੋਂ ਸਕੂਲ ਦੀ ਚਲੀ ਆ ਰਹੀ ਖਸਤਾ ਹਾਲਤ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਧਿਆਨ ਦੇਣਾ ਮੁਨਾਸਿਬ ਨਹੀਂ ਸਮਝਿਆ ਜਾ ਰਿਹਾ।

ਅੱਜ ਸਕੂਲ ਬਚਾਓ ਕਮੇਟੀ ਦੇ ਅਹੁੱਦੇਦਾਰਾਂ ਮਹਿੰਦਰ ਸਿੰਘ ਚਹਿਲ, ਸੁਖਵਿੰਦਰ ਸਿੰਘ ਸੋਢੀ ਅਤੇ ਕੇਹਰ ਸਿੰਘ ਗੱਗੂ ਨੇ ਦੱਸਿਆ ਕਿ ਇਸ ਸਕੂਲ 'ਚ ਜਿੱਥੇ ਗਰੀਬ ਵਰਗ ਦੇ ਬੱਚੇ ਪੜ੍ਹਦੇ ਹਨ ਉਥੇ ਕਰੀਬ 17 ਸਾਲ ਪਹਿਲਾਂ



ਸਕੂਲ ਦੀ ਖਸਤਾ ਹਾਲਤ ਬਿਆਨ ਕਰਦੀ ਤਸਵੀਰ

ਇਥੇ 100 ਤੋਂ ਵਧੇਰੇ ਬੱਚੇ ਸਿੱਖਿਆ ਹਾਸਲ ਕਰਦੇ ਸਨ, ਪਰ ਸਕੂਲ ਦੀ ਦਿਨੋ ਦਿਨ ਹੋਈ ਖਸਤਾ ਹਾਲਤ ਕਾਰਨ ਬੱਚੇ ਛੱਤ ਤੋਂ ਵਾਂਝੇ ਹੋਣ ਦੇ ਨਾਲ ਨਾਲ ਹੋਰ ਸਹੂਲਤਾਂ ਤੋਂ ਵੀ ਵਾਂਝੇ ਚਲੇ ਆ ਰਹੇ ਹਨ , ਜਿਸ ਕਾਰਨ ਗਿਣਤੀ ਘਟਕੇ 16/17 ਬੱਚਿਆਂ ਤੱਕ ਸੀਮਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਸਕੂਲ ਅਧਿਆਪਕਾਵਾਂ ਲਈ ਕੋਈ ਕਮਰਾ ਨਹੀਂ ਉਥੇ ਬੱਚੇ ਵੀ ਖੁੱਲ੍ਹੇ ਆਸਮਾਨ ਹੇਠ ਬੈਠ ਕੇ ਪੜ੍ਹਨ ਲਈ ਮਜਬੂਰ ਹੋ ਰਹੇ ਹਨ ਅਤੇ ਮੀਂਹ ਤੇ ਹਨੇਰੀ ਸਮੇਂ ਬੱਚਿਆਂ ਤੇ ਸਟਾਫ਼ ਨੂੰ ਐਧਰ ਓਧਰ ਬੈਠਕੇ ਗੁਜਾਰਾ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਉਹ ਪਿਛਲੇ 18/19 ਸਾਲਾਂ ਤੋਂ ਸਕੂਲ ਅਤੇ ਸਕੂਲ ਦੀ ਕੀਮਤੀ ਜਗ੍ਹਾ ਨੂੰ ਬਚਾਉਣ ਲਈ ਸ਼ੰਘਰਸ ਕਰਦੇ ਆ ਰਹੇ ਹਨ , ਪਰ ਪ੍ਰਸ਼ਾਸਨ ਵੱਲੋਂ ਅਜੇ ਤੱਕ ਸਕੂਲ ਦੀ ਹਾਲਤ ਸੁਧਾਰਨ ਅਤੇ ਸਕੂਲ ਦੀ ਜਗ੍ਹਾ ਨੂੰ ਬਚਾਉਣ ਲਈ ਕੋਈ ਦਿਲਚਸਪੀ ਨਹੀਂ ਦਿਖਾਈ ਜਾ ਰਹੀ। ਜਦੋਂਕਿ ਸਕੂਲ ਦੀ ਕਰੋੜਾਂ ਰੁਪਏ ਦੀ ਜਗ੍ਹਾ ਦੇ ਕਾਫੀ ਹਿੱਸੇ 'ਤੇ ਸ਼ਹਿਰ ਦੇ ਰਸੂਖਵਾਨ ਲੋਕਾਂ ਵੱਲੋਂ ਕਥਿਤ ਤੌਰ 'ਤੇ ਨਾਜਾਇਜ਼ ਕਬਜੇ ਕਰ ਲਏ ਗਏ । ਆਗੂਆਂ ਨੇ ਲੋਕਾਂ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਦੇਣ ਦੇ ਵਾਅਦੇ ਕਰ ਕੇ ਸੱਤਾ 'ਚ ਆਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਜਿੱਥੇ ਸਕੂਲ 'ਚ ਸਿੱਖਿਆ ਹਾਸਲ ਕਰਦੇ ਬੱਚਿਆਂ ਲਈ ਛੱਤ, ਪੀਣ ਵਾਲੇ ਪਾਣੀ ਸਮੇਤ ਹੋਰ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ, ਉਥੇ ਸਕੂਲ ਦੀ ਕੀਮਤੀ ਜਗ੍ਹਾ 'ਤੇ ਕੀਤੇ ਕਥਿਤ ਨਾਜਾਇਜ਼ ਕਬਜੇ ਖਤਮ ਕਰਵਾਏ ਜਾਣ।

ਸੰਪਰਕ ਕਰਨ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਧੂਰੀ ਗੁਰਦਰਸ਼ਨ ਸਿੰਘ ਨੇ ਕਿਹਾ ਕਿ ਸਕੂਲ ਦੀ ਹਾਲਤ ਸੁਧਾਰਨ ਲਈ ਉੱਚ ਸਿੱਖਿਆ ਅਧਿਕਾਰੀਆਂ ਨੂੰ ਲਿਖਤੀ ਤੌਰ 'ਤੇ ਭੇਜਿਆ ਜਾ ਚੁੱਕਿਆ ਹੈ। ਜਦੋਂ ਐਸ.ਡੀ.ਐਮ ਧੂਰੀ ਅਮਿਤ ਗੁਪਤਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਮਾਮਲਾ ਉਨ੍ਹਾਂ ਦੇ ਧਿਆਨ 'ਚ ਹੁਣ ਆਇਆ ਹੈ ਅਤੇ ਉਹ ਇਸ ਬਾਰੇ ਘੋਖ ਕਰਨਗੇ।

# ਭਾਜਪਾ ਦੀ ਦੇਣ ਹੈ ਨਿਊ ਚੰਡੀਗੜ੍ਹ 'ਚ ਬਣਿਆ ਕੈਂਸਰ ਹਸਪਤਾਲ ਤੇ ਖੋਜ ਕੇਂਦਰ - ਅਰਵਿੰਦ ਪੁਰੀ

**ਨਿਊ ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਬੀਤੇ ਦਿਨੀਂ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਦਾਮੋਦਰ ਦਾਸ ਮੋਦੀ ਵੱਲੋਂ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਵਿਖੇ 50 ਏਕੜ ਜ਼ਮੀਨ ਵਿੱਚ ਬਣੇ ਹੋਮੀ ਭਾਭਾ ਕੈਂਸਰ ਹਸਪਤਾਲ ਤੇ ਖੋਜ਼ ਕੇਂਦਰ ਦਾ ਉਦਘਾਟਨ ਕੀਤਾ ਗਿਆ ਹੈ। ਜਿਸ ਨੂੰ ਲੈਕੇ ਪੰਜਾਬ ਦੀ ਮੌਜੂਦਾ ਆਮ ਆਦਮੀ ਸਰਕਾਰ ਅਤੇ ਕਾਂਗਰਸੀ ਆਗੂ ਫੋਕੀ ਸ਼ੋਹਰਤ ਲੈਕੇ ਆਪਣੀ ਪੀਠ ਥਪਥਪਾ ਰਹੇ ਹਨ । ਜਦੋਂ ਕਿ ਇਸ ਹਸਪਤਾਲ ਅਤੇ ਖੋਜ਼ ਕੇਂਦਰ ਦੀ ਦੇਣ ਉਸ ਸਮੇਂ ਸੂਬੇ ਵਿੱਚ ਰਾਜ ਕਰ ਰਹੀ ਭਾਜਪਾ ਤੇ ਅਕਾਲੀ ਦਲ ਦੀ ਗਠਜੋੜ ਸਰਕਾਰ ਦੀ ਹੈ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਆਗੂ ਤੇ ਪੁਰੀ ਟ੍ਰਸਟ ਦੇ ਚੇਅਰਮੈਨ ਅਰਵਿੰਦ ਪੁਰੀ ਨੇ ਸਥਾਨਕ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਭਾਵੇਂ ਹੋਮੀ ਭਾਭਾ ਕੈਂਸਰ ਹਸਪਤਾਲ ਤੇ ਖੋਜ਼ ਕੇਂਦਰ ਦਾ ਨੀਂਹ ਪੱਥਰ 2013 ਵਿੱਚ ਕੇਂਦਰ ਦੀ ਕਾਂਗਰਸ ਸਰਕਾਰ ਦੇ ਪ੍ਰਧਾਨ ਮੰਤਰੀ ਸ। ਮਨਮੋਹਨ ਸਿੰਘ ਜੀ ਵੱਲੋਂ ਰੱਖਿਆ ਗਿਆ ਸੀ ਪਰ ਇਸ ਹਸਪਤਾਲ ਅਤੇ ਖੋਜ ਕੇਂਦਰ ਲਈ ਸੈਕੜਿਆਂ ਹੀ ਕਰੋੜਾਂ ਦੀ ਕੀਮਤ ਵਾਲੀ ਇਹ ਜਮੀਨ ਭਾਜਪਾ ਅਤੇ ਅਕਾਲੀ ਦਲ ਦੀ ਗਠਜੋੜ ਸਰਕਾਰ ਵੱਲੋਂ ਹੀ ਦਿੱਤੀ ਗਈ ਸੀ ਤੇ ਇਸ ਕੇਂਦਰ ਦੀ ਉਸਾਰੀ ਦਾ ਸਾਰਾ ਕੰਮ ਕੇਂਦਰ ਦੀ ਮੌਜੂਦਾ ਭਾਜਪਾ ਸਰਕਾਰ ਵੱਲੋਂ ਹੀ ਕਰਵਾਇਆ ਗਈ ਹੈ । ਉਨ੍ਹਾਂ ਕਿਹਾ ਕਿ ਕਿਸੇ ਵੀ ਹਸਪਤਾਲ ਜਾਂ ਕੇਂਦਰ ਸਿਰਫ ਦਾ ਨਿਹ ਪੱਥਰ ਰਖਣ ਨਾਲ ਆਪਣੀ ਪੀਠ ਨਹੀਂ ਥੱਪਥਪਾਈ ਜਾ ਸਕਦੀ । ਉਨ੍ਹਾਂ ਸੂਬੇ ਦੀ ਮੌਜੂਦਾ ਸਰਕਾਰ ਨੂੰ ਵੀ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹੋਮੀ ਭਾਭਾ ਕੈਂਸਰ ਹਸਪਤਾਲ ਤੇ ਖੋਜ਼ ਕੇਂਦਰ ਦੇ ਸਿਰਫ ਉਦਘਾਟਨ ਕਰਨ ਦੇ ਪ੍ਰਬੰਧਾਂ ਤੋਂ ਇਲਾਵਾ ਕੀ ਕੀਤਾ ਹੈ ਕੋਈ ਦੱਸ ਸਕਦਾ ਹੈ । ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਹ ਗੱਲ ਆਖਦਿਆਂ ਵੱਡਾ ਫ਼ੱਖਰ ਮਹਿਸੂਸ ਹੋ ਰਿਹਾ ਹੈ ਕਿ ਇਹ ਹਸਪਤਾਲ ਅਤੇ ਖੋਜ ਕੇਂਦਰ ਭਾਜਪਾ ਦੀ ਦੇਣ ਹੈ, ਜਿਸ ਨੂੰ ਬੀਤੇ ਕੱਲ ਦੇਸ਼ ਦੇ ਪ੍ਰਧਾਨਮੰਤਰੀ ਸ਼੍ਰੀ ਨਰਿੰਦਰ ਦਾਮੋਦਰ ਦਾਸ ਮੋਦੀ ਵੱਲੋਂ ਉਦਘਾਟਨ ਕੀਤੇ ਜਾਣ ਤੋਂ ਬਾਅਦ ਇਸ ਹਸਪਤਾਲ ਨੂੰ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਹੈ, ਜਿਸ ਨਾਲ ਸਮੁੱਚੇ ਪੰਜਾਬ ਦੇ ਲੋਕਾਂ ਦੇ ਨਾਲ ਨਾਲ ਗੁਆਂਢੀ ਸੂਬਿਆਂ ਦੇ ਕੈਂਸਰ ਤੋਂ ਪੀੜਤ ਮਰੀਜ਼ਾਂ ਨੂੰ ਭਾਰੀ ਲਾਭ ਮਿਲੇਗਾ ।

ਉਨ੍ਹਾਂ ਕਿਹਾ ਕਿ ਪ੍ਰਧਾਨਮੰਤਰੀ ਸ਼੍ਰੀ ਨਰਿੰਦਰ ਦਾਮੋਦਰ ਦਾਸ ਮੋਦੀ ਜੀ ਦੀ ਸੋਚ ਦੇਸ਼ ਵਾਸੀਆਂ ਨੂੰ ਵਿਸ਼ਵ ਪੱਧਰ ਦੀ ਸਿਹਤ ਸੁਵਿਧਾਵਾਂ ਦੇਣ ਦੀ ਹੈ ਜਿਸਦੇ ਸਦਕਾ ਸੈਕੜਿਆਂ ਹੀ ਕਰੋੜਾਂ ਦੀ ਲਾਗਤ ਨਾਲ ਬਣਿਆ ਇਹ ਹੋਮੀ ਭਾਭਾ ਕੈਂਸਰ ਹਸਪਤਾਲ ਤੇ ਸੋਚ ਕੇਂਦਰ ਨੇਪਰੇ ਚੜ੍ਹਿਆ ਹੈ। ਆਖਿਰ ਵਿੱਚ ਉਨ੍ਹਾਂ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਵਾਲੀ ਮੁੱਖ ਮੰਤਰੀ ਭਗਵੰਤ ਮਾਨ ਵਾਲੀ ਸਰਕਾਰ ਸਿਹਤ ਸੁਵਿਧਾਵਾਂ ਦੇ ਨਾਮ ਤੇ ਕੁਝ ਮੁਹੱਲਾ ਕਲੀਨਿਕ ਬਣਾ ਕੇ ਫੋਕੀ ਸ਼ੌਹਰਤ ਖੱਟਣਾ ਚਾਹੁੰਦੀ ਹੈ ਜਦੋਂ ਕਿ ਸੂਬੇ ਵਿੱਚ ਪਹਿਲਾਂ ਚੱਲ ਰਹੇ ਹਸਪਤਾਲਾਂ ਵਿੱਚ ਹੀ ਕਈ ਸੈਕੜੇ ਡਾਕਟਰਾਂ ਦੀ ਘਾਟ ਹੈ।

# ਖਾਲਸਾ ਕਾਲਜ ਦੇ ਜ਼ੁਆਲੌਜੀ ਵਿਭਾਗ ਨੇ ਵਿਸ਼ਵ ਮਧੂ ਮੱਖੀ ਦਿਵਸ ਨੂੰ ਸਮਰਪਿਤ ਕਰਵਾਇਆ ਲੈਕਚਰ



**ਸ਼੍ਰੀ ਅਨੰਦਪੁਰ ਸਾਹਿਬ,**
**-ਰੋਜ਼ਾਨਾ ਸਵੇਰਾ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਜ਼ੁਆਲੌਜੀ ਵਿਭਾਗ ਨੇ ਵਿਸ਼ਵ ਮਧੂ ਮੱਖੀ ਦਿਵਸ ਮਨਾਇਆ ਜਿਸ ਵਿੱਚ ਤਕਰੀਬਨ 70 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਭਾਗ ਦੁਆਰਾ ਅੱਗੇ ਵੀ ਇਹੋ ਜਿਹੇ ਪ੍ਰੋਗਰਾਮ ਕਰਵਾਏ ਜਾਂਦੇ ਹਨ ਜੋ ਵਿਦਿਆਰਥੀਆਂ ਨੂੰ ਕੁਦਰਤ ਨਾਲ ਜੋੜ ਕੇ ਰੱਖਦੇ ਹਨ ਅਤੇ ਉਹਨਾਂ ਦੇ ਵਿਹਾਰਕ ਗਿਆਨ ਵਿੱਚ ਵੀ ਵਾਧਾ ਕਰਦੇ ਹਨ।

ਉਨ੍ਹਾਂ ਮਧੂ ਮੱਖੀਆਂ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਮਧੂ ਮੱਖੀ ਕੁਦਰਤ ਦੁਆਰਾ ਰਚਿਆ ਬਹੁਮੁੱਲਾ ਜੀਵ ਹੈ ਜਿਸਦੀ ਮਨੁੱਖੀ ਜੀਵਨ ਵਿੱਚ ਬਹੁਤ ਅਹਿਮੀਅਤ ਹੈ ਕਿਉਂਕਿ ਇਹ ਸਾਨੂੰ ਉੱਚ ਗੁਣਵੱਤਾ ਦਾ ਭੋਜਨ ਜਿਵੇਂ ਕਿ ਸ਼ਹਿਦ ਪਰਾਗ ਅਤੇ ਮੋਮ ਆਦਿ ਪ੍ਰਦਾਨ ਕਰਦੀਆਂ ਹਨ। ਇਸ ਮੌਕੇ ਜ਼ੂਆਲੌਜੀ ਵਿਭਾਗ ਮੁਖੀ ਡਾ.ਅਮਨਦੀਪ ਕੌਰ ਵੱਲੋਂ ਵਿਦਿਆਰਥੀਆਂ ਨੂੰ ਮਧੂ ਮੱਖੀਆਂ ਦੀ ਮਨੁੱਖੀ ਜੀਵਨ ਵਿੱਚ' ਮਹੱਤਤਾ ਵਿਸ਼ੇ 'ਤੇ ਲੈਕਚਰ ਦਿੰਦਿਆਂ ਮਧੂ ਮੱਖੀਆਂ ਦੇ ਵਾਤਾਵਰਣ ਅਤੇ ਮਨੁੱਖ ਨੂੰ ਹੋਣ ਵਾਲੇ ਲਾਭਾਂ ਤੋਂ ਜਾਣੂ ਕਰਵਾਇਆ ਅਤੇ ਨਾਲ ਹੀ ਮਧੂ ਮੱਖੀਆਂ ਨਾਲ ਸਬੰਧਿਤ ਇੱਕ ਫਿਲਮ ਵੀ ਦਿਖਾਈ ਗਈ।

ਲੈਕਚਰ ਦੌਰਾਨ ਪ੍ਰੋ.ਅੰਸ਼ਿਤਾ ਚੰਦੇਲ, ਮਾਨਸੀ ਮੰਡਲ, ਪ੍ਰੋ.ਮਨਪ੍ਰੀਤ ਕੌਰ, ਪ੍ਰੋ.ਮਨਪ੍ਰੀਤ ਕੌਰ ਰਾਣਾ ਅਤੇ ਪ੍ਰੋ.ਕੋਮਲਪ੍ਰੀਤ ਕੌਰ ਤੋਂ ਇਲਾਵਾ ਵਿਦਿਆਰਥੀ ਹਾਜ਼ਰ ਸਨ।

# ਪਟਿਆਲਾ ਦੇ ਬਡੂੰਗਰ ਸਣੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦਾ ਪਿੰਡ ਮੰਡੋਫਲ ਵੀ ਅਫ਼ਰੀਕਨ ਸਵਾਈਨ ਫ਼ੀਵਰ ਨਾਲ ਪ੍ਰਭਾਵਤ

## ➢ ਸਰਕਾਰ ਨੇ ਬੀਮਾਰੀ ਦੇ ਫੈਲਾਅ ਨੂੰ ਰੋਕਣ ਲਈ ਪਾਬੰਦੀਆਂ ਲਾਈਆਂ ➢ ਪਸ਼ੂ ਪਾਲਣ ਮੰਤਰੀ ਵੱਲੋਂ ਬੀਮਾਰੀ ਦੀ ਰੋਕਥਾਮ ਲਈ ਐਕਟ ਅਤੇ ਕਾਰਜ-ਯੋਜਨਾ ਨੂੰ ਹੂਬਹੂ ਲਾਗੂ ਕਰਨ ਦੀ ਹਦਾਇਤ ➢ ਸੂਰ ਪਾਲਕਾਂ ਨੂੰ ਦੂਜੇ ਫਾਰਮਾਂ, ਥਾਵਾਂ ਅਤੇ ਜ਼ਿਲ੍ਹਿਆਂ ਵਿੱਚ ਨਾ ਜਾਣ ਅਤੇ ਵਪਾਰੀਆਂ ਦੀ ਆਮਦ ਰੋਕਣ ਦੀ ਅਪੀਲ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪੰਜਾਬ ਸਰਕਾਰ ਨੇ ਅੱਜ ਜ਼ਿਲ੍ਹਾ ਪਟਿਆਲਾ ਦੇ ਇੱਕ ਹੋਰ ਇਲਾਕੇ ਬੰਡੂਗਰ ਸਣੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਮੰਡੋਫਲ ਨੂੰ ਵੀ ਅਫ਼ਰੀਕਨ ਸਵਾਈਨ ਫ਼ੀਵਰ ਨਾਲ ਪ੍ਰਭਾਵਤ ਜ਼ੋਨ ਐਲਾਨ ਦਿੱਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਾਰਤੀ ਖੇਤੀਬਾੜੀ ਖੋਜ ਕੌਂਸਲ (ਆਈ.ਸੀ.ਏ.ਆਰ.)-ਕੌਮੀ ਉੱਚ ਸੁਰੱਖਿਆ ਪਸ਼ੂ ਰੋਗ ਸੰਸਥਾ, ਭੋਪਾਲ ਨੇ ਦੋਵਾਂ ਪਿੰਡਾਂ ਤੋਂ ਸੂਰਾਂ ਦੇ ਸੈਂਪਲਾਂ ਵਿੱਚ ਅਫ਼ਰੀਕਨ ਸਵਾਈਨ ਫ਼ੀਵਰ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਿੰਡਾਂ ਵਿੱਚ ਬੀਮਾਰੀ ਦੀ ਰੋਕਥਾਮ ਲਈ ÷ਜਾਨਵਰਾਂ ਵਿੱਚ ਛੂਤ ਦੀਆਂ ਬੀਮਾਰੀਆਂ ਦੀ ਰੋਕਥਾਮ ਅਤੇ ਕੰਟਰੋਲ ਐਕਟ, 2009 ਅਤੇ ਅਫ਼ਰੀਕਨ ਸਵਾਈਨ ਫ਼ੀਵਰ ਦੇ ਕੰਟਰੋਲ ਅਤੇ ਖ਼ਾਤਮੇ ਲਈ ਕੌਮੀ ਕਾਰਜ-ਯੋਜਨਾ (ਜੂਨ 2020) ਤਹਿਤ ਪਾਬੰਦੀਆਂ ਲਾ ਕੇ ਇਨ੍ਹਾਂ ਦੀ ਪਾਲਣਾ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਹਰ ਸਥਿਤੀ 'ਤੇ ਕਰੜੀ ਨਜ਼ਰ ਰੱਖਣ ਦੇ ਨਿਰਦੇਸ਼ ਵੀ ਦਿੱਤੇ। ਕੈਬਨਿਟ ਮੰਤਰੀ ਨੇ ਦੱਸਿਆ ਕਿ ਬੀਮਾਰੀ ਦੇ ਕੇਂਦਰ ਐਲਾਨੇ ਇਨ੍ਹਾਂ ਪਿੰਡਾਂ ਤੋਂ 0 ਤੋਂ ਇੱਕ ਕਿਲੋਮੀਟਰ ਤੱਕ ਦੇ ਖੇਤਰ 'ਸੰਕ੍ਰਮਿਤ ਜ਼ੋਨ' ਅਤੇ 1 ਤੋਂ 10 ਕਿਲੋਮੀਟਰ (9 ਕਿਲੋਮੀਟਰ) ਤੱਕ ਦੇ ਖੇਤਰ ਨਿਗਰਾਨੀ ਜ਼ੋਨ ਹੋਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਕੋਈ ਵੀ ਜ਼ਿੰਦਾ/ਮਰਿਆ ਸੂਰ (ਜੰਗਲੀ ਸੂਰਾਂ ਸਮੇਤ), ਨਾਨ-ਪ੍ਰੋਸੈਸਡ ਸੂਰ ਦਾ ਮੀਟ, ਸੂਰ ਪਾਲਣ ਫਾਰਮ ਜਾਂ ਬੈਕਯਾਰਡ ਸੂਰ ਪਾਲਣ ਤੋਂ ਕੋਈ ਵੀ ਫੀਡ ਜਾਂ ਸਮੱਗਰੀ/ਸਾਮਾਨ ਇਨਫੈਕਟਿਡ ਜ਼ੋਨ ਤੋਂ ਬਾਹਰ ਨਾ ਲਿਜਾਇਆ ਜਾਵੇਗਾ, ਨਾ ਹੀ ਜ਼ੋਨ ਵਿੱਚ ਲਿਆਂਦਾ ਜਾਵੇਗਾ। ਕੋਈ ਵੀ ਵਿਅਕਤੀ ਸੂਚੀਬੱਧ ਬੀਮਾਰੀ ਨਾਲ ਸੰਕ੍ਰਮਿਤ ਕਿਸੇ ਵੀ ਸੂਰ ਜਾਂ ਸੂਰ ਉਤਪਾਦ ਨੂੰ ਮਾਰਕੀਟ ਵਿੱਚ ਨਾ ਲਿਆਵੇਗਾ ਅਤੇ ਨਾ ਹੀ ਲਿਆਉਣ ਦੀ ਕੋਸ਼ਿਸ਼ ਕਰੇਗਾ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਜ਼ਿਲ੍ਹਾ ਪਟਿਆਲਾ ਦੇ ਬਿਲਾਸਪੁਰ, ਸਨੌਰੀ ਅੱਡਾ ਅਤੇ ਮੰਜਾਲ ਖ਼ੁਰਦ ਵਿੱਚ ਅਫ਼ਰੀਕਨ ਸਵਾਈਨ ਫ਼ੀਵਰ ਦੀ ਪੁਸ਼ਟੀ ਹੋਈ ਸੀ। ਪੰਜਾਬ ਨੂੰ ਪਹਿਲਾਂ ਹੀ ÷ਨਿਯੰਤਰਿਤ ਖੇਤਰ÷ ਐਲਾਨਿਆ ਜਾ ਚੁੱਕਾ ਹੈ ਅਤੇ ਸੂਰ ਜਾਂ ਸਬੰਧਤ ਸਾਮਾਨ ਦੀ ਅੰਤਰ-ਜ਼ਿਲ੍ਹਾ ਅਤੇ ਅੰਤਰਰਾਜੀ ਆਵਾਜਾਈ 'ਤੇ ਸਖ਼ਤੀ ਨਾਲ ਪਾਬੰਦੀ ਜਾਰੀ ਹੈ।

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸੂਰ ਪਾਲਕਾਂ ਨੂੰ ਅਪੀਲ ਕੀਤੀ ਕਿ ਉਹ ਬੀਮਾਰੀ ਦੀ ਰੋਕਥਾਮ ਲਈ ਸਰਕਾਰ ਨੂੰ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਸੂਰ ਪਾਲਕ ਦੂਜੇ ਫਾਰਮਾਂ ਅਤੇ ਹੋਰਨਾਂ ਥਾਵਾਂ 'ਤੇ ਜਾਂ ਜ਼ਿਲ੍ਹਿਆਂ ਵਿੱਚ ਨਾ ਜਾਣ ਅਤੇ ਸੂਰਾਂ ਲਈ ਖ਼ੁਰਾਕ ਆਪਣੇ ਫਾਰਮ 'ਤੇ ਹੀ ਤਿਆਰ ਕਰਨ। ਇਸ ਤੋਂ ਇਲਾਵਾ ਵਪਾਰੀਆਂ ਅਤੇ ਉਨ੍ਹਾਂ ਦੇ ਵਾਹਨਾਂ ਨੂੰ ਵੀ ਆਪਣੇ ਫਾਰਮਾਂ 'ਤੇ ਆਉਣ ਤੋਂ ਸਖ਼ਤੀ ਨਾਲ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਇਹ ਬਹੁਤ ਘਾਤਕ ਬੀਮਾਰੀ ਹੈ ਜਿਸ ਤੋਂ ਸਾਵਧਾਨੀਆਂ ਅਪਣਾ ਕੇ ਹੀ ਬਚਾਅ ਕੀਤਾ ਜਾ ਸਕਦਾ ਹੈ।

# ਬੇਰੁਜ਼ਗਾਰ ਲਾਈਨਮੈਨਾਂ ਤੇ ਪੁਲਿਸ ਵਲੋਂ ਕੀਤੇ ਤੱਸ਼ਦਦ ਦੀ ਇੰਪਲਾਈਜ ਫੈਡਰੇਸ਼ਨ ਸਰਕਲ ਸੰਗਰੂਰ ਵਲੋਂ ਨਿਖੇਧੀ



**ਲਹਿਰਾਗਾਗਾ,**
**-ਰੋਜ਼ਾਨਾ ਸਵੇਰਾ-**

ਇੰਪਲਾਈਜ ਫੈਡਰੇਸ਼ਨ ਚਾਹਲ ਦੇ ਸਰਕਲ ਸੰਗਰੂਰ ਦੀ ਮੀਟਿੰਗ ਸਰਕਲ ਪ੍ਰਧਾਨ ਪੂਰਨ ਸਿੰਘ ਖਾਈ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਰਘਬੀਰ ਸਿੰਘ ਘੱਗਾ, ਹਰਵਿੰਦਰ ਸਿੰਘ ਚੱਠਾ, ਰਾਮ ਚੰਦਰ ਸਿੰਘ ਖਾਈ, ਕਰਨੈਲ ਸਿੰਘ ਦਿੜ੍ਹਬਾ, ਪ੍ਰਿਪਾਲ ਸਿੰਘ ਸੁਨਾਮ, ਰਣਜੀਤ ਸਿੰਘ ਬੋਕਸਰ, ਬਲਜੀਤ ਸਿੰਘ ਸੁਨਾਮ, ਗੁਰਪ੍ਰੀਤ ਸਿੰਘ ਰੋਗਲਾ, ਪਵਨ ਕੁਮਾਰ ਲੋਗੋਵਾਲ, ਹਰੀ ਸਿੰਘ ਪਾਤੜਾਂ, ਅਜੀਤ ਸਿੰਘ ਮੌਲਵੀਵਾਲਾ, ਗੁਰਬਖਸ਼ੀਸ ਸਿੰਘ ਤੇ ਧੰਨਰਾਜ ਸ਼ਾਮਲ ਹੋਏ। ਮੀਟਿੰਗ ਵਿੱਚ ਬੇਰੁਜ਼ਗਾਰ ਲਾਈਨਮੈਨਾਂ ਤੇ ਪਟਿਆਲਾ ਵਿਖੇ ਅੰਨੇਵਾਹ ਕੀਤੇ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

ਆਗੂਆਂ ਨੇ ਸਰਕਾਰ ਤੇ ਦੋਸ਼ ਲਗਾਇਆ ਕਿ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਸ ? ਭਗਵੰਤ ਸਿੰਘ ਮਾਨ ਨੇ ਕਿਹਾ ਸੀ ਸਾਡੀ ਸਰਕਾਰ ਬਣਨ ਤੇ ਕਿਸੇ ਨੂੰ ਵੀ ਧਰਨਾ ਮੁਜਾਹਰਾ, ਰੈਲੀਆਂ ਕਰਨ ਤੇ ਟੈਂਕੀਆਂ ਤੇ ਚੜਨ ਦੀ ਲੋੜ ਨਹੀਂ ਪਵੇਗੀ। ਪਰੰਤੂ ਹੁਣ ਹੱਕ ਮੰਗਦੇ ਬੇਰੁਜ਼ਗਾਰ ਲਾਈਨਮੈਨਾਂ ਤੇ ਕੀਤੇ ਲਾਠੀਚਾਰਜ ਨੇ ਪਿਛਲੀਆਂ ਸਰਕਾਰ ਨੂੰ ਮਾਤ ਪਾ ਦਿੱਤਾ ਹੈ।

ਮੁਲਾਜ਼ਮ ਵਰਗ ਵਿੱਚ ਇਸ ਸਮੇਂ ਪੂਰੀ ਨਿਰਾਸਤਾ ਹੈ ਕਿਉਂਕਿ ਮੁਲਾਜਮਾਂ ਦੇ ਸਾਰੇ ਭੱਤੇ, ਡੀਏ ਦੀਆਂ ਕਿਸਤਾਂ ਅਤੇ ਛੇਵੇਂ ਪੇ ਕਮਿਸ਼ਨ ਨੂੰ ਪੂਰਨ ਤੌਰ ਤੇ ਲਾਗੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ।

ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕੰਟਰੈਕਟ ਤੇ ਕੰਮ ਕਰਦੇ ਸਾਰੇ ਵਰਕਰਾਂ ਨੂੰ ਛੇਤੀ ਤੋਂ ਛੇਤੀ ਪੱਕਾ ਕੀਤਾ ਜਾਵੇ, ਖਾਲੀ ਪਈਆਂ ਅਸਾਮੀਆਂ ਤੇ ਰੈਗੂਲਰ ਭਰਤੀ ਕੀਤੀ ਜਾਵੇ। ਟਰਾਂਸਕੋ ਵਿੱਚ 15 ? ਦੀ ਕੀਤੀ ਜਾ ਰਹੀ ਕਟੌਤੀ ਤੁਰੰਤ ਬੰਦ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਸਰਕਾਰ ਤੇ ਪਾਵਰਕਾਮ ਦੀ ਮਨੇਜਮੈਂਟ ਵਿਰੁੱਧ 1 ਸਤੰਬਰ ਤੋਂ 15 ਸਤੰਬਰ ਤੱਕ ਸਾਰੇ ਪੰਜਾਬ ਵਿੱਚ ਸਬ ਡਵੀਜ਼ਨਾਂ ਪੱਧਰ ਤੇ ਅਰਥੀ ਫੂਕ ਰੋਸ ਪ ?ਦਰਸ਼ਨ ਕੀਤੇ ਜਾਣਗੇ।

# ਨਾਇਬ ਤਹਿਸੀਲਦਾਰ ਨੂਰਪੁਰ ਬੇਦੀ ਨੇ ਸੇਵਾ ਕੇਂਦਰ ਦਾ ਅਚਨਚੇਤ ਦੌਰਾ ਕੀਤਾ

**ਨੂਰਪੁਰਬੇਦੀ,**
**-ਰੋਜ਼ਾਨਾ ਸਵੇਰਾ-**

ਨਾਇਬ ਤਹਿਸੀਲਦਾਰ ਨੂਰਪੁਰ ਬੇਦੀ ਸ੍ਰੀਮਤੀ ਰਿਤੂ ਕਪੂਰ ਵਲੋਂ ਅੱਜ ਨੂਰਪੁਰ ਬੇਦੀ ਦੇ ਸੇਵਾ ਕੇਂਦਰ ਦਾ ਅਚਨਚੇਤ ਦੌਰਾ ਕੀਤਾ ਅਤੇ ਸੇਵਾ ਕੇਂਦਰਾਂ ਦੇ ਕੰਮਕਾਜ ਤੇ ਅਸ਼ਟਾਮ ਫਰੋਸ਼ਾਂ ਦੇ ਰਿਕਾਰਡ ਦੀ ਜਾਂਚ ਕੀਤੀ ਇਸ ਮੌਕੇ 'ਤੇ ਮੌਜੂਦ ਲੋਕਾਂ ਤੋਂ ਮਿਲ ਰਹੀਆਂ ਸੇਵਾਵਾਂ ਸਬੰਧੀ ਜਾਣਕਾਰੀ ਲਈ।

ਉਨ੍ਹਾਂ ਵਲੋਂ ਸੇਵਾ ਕੇਂਦਰ ਵਿਖੇ ਹਰ ਇੱਕ ਕੈਬਿਨ ਦੀ ਚੈਕਿੰਗ ਕੀਤੀ ਗਈ ਅਤੇ ਇਸ ਮੌਕੇ ਲਾਭਪਾਤਰੀਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਨੂੰ ਆਪਣੇ ਕੰਮ ਨੂੰ ਕਰਵਾਉਣ ਸਬੰਧੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇਸ ਬਾਰੇ ਤੁਰੰਤ ਜਾਣਕਾਰੀ ਦਿੱਤੀ ਜਾਵੇ। ਉਨ੍ਹਾਂ ਸਪਸ਼ਟ ਕਰਦਿਆ ਕਿਹਾ



ਹੈ ਕਿ ਤਹਿਸੀਲ ਵਿਖੇ ਕਿਸੇ ਵੀ ਪੱਧਰ ਉੱਤੇ ਜੇਕਰ ਕੋਈ ਅਧਿਕਾਰੀ ਜਾਂ ਮੁਲਾਜ਼ਮ ਆਮ ਲੋਕਾਂ ਦੇ ਕੰਮ ਵਿੱਚ ਰੁਕਾਵਟ ਪਾਉਂਦਾ ਹੈ ਤਾਂ ਉਸ ਨੂੰ ਬਖਸ਼ਯਆ ਨਹੀਂ ਜਾਵੇਗਾ। ਸ਼੍ਰੀਮਤੀ ਰਿਤੂ ਕਪੂਰ ਨੇ ਕਿਹਾ ਕਿ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸਹੂਲਤਾਂ ਉਪਲਬਧ ਕਰਵਾਉਣ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ। ਆਮ ਜਨਤਾ ਨੂੰ ਸਹੂਲਤ ਦੇਣ ਵਿੱਚ ਇਹ ਸੇਵਾ ਕੇਂਦਰ ਸਹਾਈ ਸਿੱਧ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਸੇਵਾ ਕੇਂਦਰ ਸ਼ਨੀਵਾਰ ਅਤੇ ਐਤਵਾਰ ਨੂੰ ਵੀ ਖੋਲੇ ਜਾਂਦੇ ਹਨ ਤਾਂ ਜੋ ਦੂਰ-ਦੁਰਾਡੇ ਨੌਕਰੀ ਕਰਨ ਵਾਲੇ ਆਮ ਲੋਕ ਵੀ ਛੁੱਟੀ ਵਾਲੇ ਦਿਨ ਸੇਵਾਵਾਂ ਦਾ ਲਾਭ ਲੇ ਸਕਣ।

ਨਾਇਬ ਤਹਿਸੀਲਦਾਰ ਨੇ ਕਿਹਾ ਕਿ ਤਹਿਸੀਲ ਵਿਖੇ ਸਾਰੀ ਕਾਰਗੁਜਾਰੀ ਪਾਰਦਰਸ਼ਤਾ ਨਾਲ ਕੀਤੀ ਜਾਂਦੀ ਹੈ ਅਤੇ ਜੇਕਰ ਕੋਈ ਵੀ ਵਿਅਕਤੀ ਭ੍ਰਿਸਟਾਚਾਰ ਕਰਦਾ ਫੜਿਆ ਜਾਂਦਾ ਹੈ ਜਾਂ ਫਿਰ ਉਸ ਦੀ ਕੋਈ ਲਿਖਤੀ ਸ਼ਿਕਾਇਤ ਦਿੱਤੀ ਜਾਂਦੀ ਹੈ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਯਕੀਨਣ ਕੀਤੀ ਜਾਵੇਗੀ।

# ਬਿਲਕੀਸ ਬਾਨੋ ਜ਼ਬਰ ਜ਼ਨਾਹ ਅਤੇ 11 ਕਤਲਾਂ ਦੇ ਦੋਸ਼ੀਆਂ ਦੀ ਰਿਹਾਈ ਖਿਲਾਫ ਮਾਲੇਰਕੋਟਲਾ 'ਚ ਰੋਸ਼ ਪ੍ਰਦਰਸ਼ਨ

**ਮਾਲੇਰਕੋਟਲਾ,**
**-ਰੋਜ਼ਾਨਾ ਸਵੇਰਾ-**

ਗੁਜਰਾਤ ਦੇ ਗੋਧਰਾ ਵਿਚ 2002 ਵਿਚ ਹੋਏ ਮੁਸਲਿਮ ਵਿਰੋਧੀ ਦੰਗਿਆਂ ਵਿਚ ਇਕ ਮੁਸਲਿਮ ਮਹਿਲਾ ਬੀਬੀ ਬਿਲਕੀਸ ਬਾਨੋ ਨਾਲ ਕੀਤੇ ਜਬਰ ਜ਼ਨਾਹ ਅਤੇ 11 ਨਿਰਦੋਸ਼ਾਂ ਦੇ ਕਤਲਾਂ ਦੇ ਕੇਸ 'ਚ ਮੁੰਬਈ ਅਦਾਲਤ ਵੱਲੋਂ ਸਜ਼ਾ ਯਾਫਤਾ ਦੋਸ਼ੀਆਂ ਨੂੰ ਗੁਜਰਾਤ ਦੀ ਭਾਜਪਾ ਸਰਕਾਰ ਵੱਲੋਂ ਦੇਸ਼ ਦੇ ਅਜ਼ਾਦੀ ਦਿਵਸ਼ ਮੌਕੇ ਮੁਆਫੀ ਦੇ ਕੇ ਰਿਹਾਅ ਕਰਨ ਖਿਲਾਫ ਅੱਜ ਸਥਾਨਕ ਸਰਹੰਦੀ ਦਰਵਾਜੇ ਦੇ ਬਾਹਰ ਸੈਂਕੜੇ ਮਹਿਲਾਵਾਂ ਅਤੇ ਲੋਕਾਂ ਨੇ ਰੋਸ਼ ਪ੍ਰਦਰਸ਼ਨ ਕੀਤਾ। ਜਮਾਅਤ ਇਸਲਾਮੀ ਹਿੰਦ, ਇਸਤਰੀ ਜਾਗ੍ਰਿਤੀ ਮੰਚ ਪੰਜਾਬ ਅਤੇ ਸਟੂਡੈਂਟਸ ਇਸਲਾਮਿਕ ਆਰਗੇਨਾਈਜੇਸ਼ਨ ਦੇ ਸਾਂਝੇ ਸੱਦੇ 'ਤੇ ਇਕੱਠੇ ਹੋਏ ਲੋਕਾਂ ਨੇ ਦੇਸ਼ ਦੇ ਰਾਸ਼ਟਰਪਤੀ ਦੇ ਨਾਮ ਐਸਡੀਐਮ ਕਮਲਜੀਤ ਸਿੰਘ ਨੂੰ ਸੌਂਪਿਆ। ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ, ਸਿੱਖਾਂ ਅਤੇ



ਦਲਿਤਾਂ ਉਪਰ ਲਗਾਤਾਰ ਜ਼ੁਲਮ ਕਰਦੀ ਆ ਰਹੀ ਹੈ ਜਿਸ ਨੂੰ ਹਰਗਿਜ ਬਰਦਾਸਤ ਨਹੀਂ ਕੀਤਾ ਜਾ ਸਕਦਾ ਘੱਟ ਗਿਣਤੀ ਭਾਈਚਾਰਿਆਂ ਦੇ ਹੱਕਾਂ ਦੀ ਅਵਾਜ ਲੋਕ ਸਭਾ ਅੰਦਰ ਚੁੱਕਦੇ ਰਹਿਣਗੇ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਬੀਬੀ ਅਮਨਦੀਪ ਕੌਰ, ਡਾਕਟਰ ਮੁਹੰਮਦ ਇਰਸਾਦ, ਬੀਬੀ ਫਰਿਆਲ ਰਹਿਮਾਨ, ਬੀਬੀ ਗੁਰਮੇਲ ਕੌਰ, ਤਿਰਲੋਚਨ ਸਿੰਘ, ਅਮਰਜੀਤ ਸਿੰਘ ਰੋਹਣੋਂ, ਅਮਨਦੀਪ ਕੌਰ, ਕੁਲਵਿੰਦਰ ਸਿੰਘ ਭੂਦਨ, ਮੁਹੰਮਦ ਸਕੂਰ , ਮੁਕੱਰਮ ਸੈਫੀ, ਮਹਿਮੂਦ ਅਖਤਰ ਸ਼ਾਦ ਅਤ ਮਾਸਟਰ ਰਮਜ਼ਾਨ ਸਈਅਦ ਆਦਿ ਨੇ ਦੇਸ਼ ਦੇ ਮੌਜੂਦਾ ਸਿਆਸੀ ਹਾਲਾਤਾਂ ਨੂੰ ਘੱਟ ਗਿਣਤੀ ਭਾਈਚਾਰਿਆਂ, ਦਲਿਤਾਂ, ਮਹਿਲਾਵਾਂ, ਮਨੁੱਖੀ ਹੱਕਾਂ ਲਈ ਲੜਣ ਵਾਲੇ ਕਾਰਕੁਨਾਂ ਅਤੇ ਬੁੱਧੀਜੀਵੀਆਂ ਲਈ ਹੁਣ ਤੱਕ ਦੇ ਸਭ ਤੋਂ ਖਤਰਨਾਕ ਦੱਸਦਿਆਂ ਕਿਹਾ ਕਿ ਅਜਿਹੇ ਹਾਲਾਤਾਂ ਨੂੰ ਬਦਲਣ ਲਈ ਸਾਰੀਆਂ ਜਮਹੂਰੀਅਤ ਪਸੰਦ ਸ਼ਕਤੀਆਂ ਨੂੰ ਇਕ ਸਾਂਝੇ ਮੰਚ 'ਤੇ ਇਕੱਠੇ ਹੋ ਕੇ ਕੇਂਦਰੀ ਭਾਜਪਾ ਹਕੂਮਤ ਖਿਲਾਫ ਲੜਨਾ ਅਤੇ ਖੜਨਾ ਪਵੇਗਾ।

# ਪਿੰਡ ਭਗਵਾਨਗੜ੍ਹ ਦੇ ਮਗਨਰੇਗਾ ਮਜ਼ਦੂਰਾਂ ਵੱਲੋਂ ਕੰਮ ਨਾ ਮਿਲਣ ਵਿਰੁੱਧ ਕੇਂਦਰ ਅਤੇ ਰਾਜ ਸਰਕਾਰ ਵਿਰੁੱਧ ਨਾਅਰੇਬਾਜ਼ੀ



**ਰਾਮਾਂ ਮੰਡੀ,**
**-ਰੋਜ਼ਾਨਾ ਸਵੇਰਾ-**

ਬਠਿੰਡਾ ਜਿਲ੍ਹੇ ਦੇ ਪਿੰਡ ਭਗਵਾਨਗੜ੍ਹ ਵਿੱਖੇ ਇਕੱਠੇ ਹੋਏ ਮਗਨਰੇਗਾ ਮਜ਼ਦੂਰਾਂ ਵੱਲ੍ਹੋ ਮਗਨਰੇਗਾ ਦਾ ਕੰਮ ਨਾ ਮਿਲਣ ਵਿਰੁੱਧ ਕ੍ਰੇਂਦਰ ਅਤੇ ਰਾਜ ਸਰਕਾਰ ਵਿਰੁੱਧ ਜਬਰਦਸਤ ਨਾਅਰੇਬਾਜ਼ੀ ਕੀਤੀ ਗਈ । ਉਕਤ ਨਾਅਰੇਬਾਜ਼ੀ ਬਹੁਜਨ ਸਮਾਜ ਪਾਰਟੀ ਦੇ ਆਗੂ ਬਿੰਦਰ ਸਿੰਘ, ਗੁਰਦਾਸ ਸਿੰਘ, ਠਾਣਾ ਸਿੰਘ ਅਤੇ ਜਗਸੀਰ ਸਿੰਘ ਦੀ ਅਗਵਾਈ ਹੇਠ ਕੀਤੀ ਗਈ । ਮਗਨਰੇਗਾ ਮਜ਼ਦੂਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਨਾ ਤਾਂ ਕਾਂਗਰਸ ਸਰਕਾਰ ਦੇ ਰਾਜਕਾਲ ਦੌਰਾਨ ਅਤੇ ਨਾ ਹੀ ਆਮ ਆਦਮੀ ਸਰਕਾਰ ਦੇ ਰਾਜਕਾਲ ਦੌਰਾਨ ਮਗਨਰੇਗਾ ਦਾ ਕੰਮ ਮਿਲਿਆ ਹੈ । ਪਿਛਲੇ ਲੰਬੇ ਸਮ੍ਹੇ ਤ੍ਹੋ ਮਗਨਰੇਗਾ ਦਾ ਕੰਮ ਨਾ ਮਿਲਣ ਕਾਰਨ ਉਨ੍ਹਾਂ ਦੀ ਹਾਲਤ ਭੁੱਖੇ ਮਰਨ ਵਰਗੀ ਹੋਈ ਪਈ ਹੈ । ਮਗਨਰੇਗਾ ਮਜ਼ਦੂਰ ਬਿੰਦਰ ਸਿੰਘ ਨੇ ਕਿਹਾ ਕਿ ਉਸ ਦੀ ਮਾਤਾ ਦਾ ਜੌਬ ਕਾਰਡ ਬਣਿਆ ਹੋਇਆ ਸੀ ਉਹ ਸਾਲਾਂ ਬੱਧੀ ਮਗਨਰੇਗਾ ਦਾ ਕੰਮ ਸ਼ੁਰੂ ਹੋਣ ਦੀ ਉਡੀਕ ਕਰਦੀ ਰਹੀ । ਪਰ ਉਸ ਨੂੰ ਮਗਨਰੇਗਾ ਦਾ ਕੰਮ ਨਹੀ੍ਹ ਮਿਲਿਆ । ਅਖੀਰ ਉਹ ਸਵਰਗ ਸਿਧਾਰ ਗਈ । ਇਸੇ ਤਰ੍ਹਾਂ ਇੱਕ ਹੋਰ ਮਗਨਰੇਗਾ ਮਜ਼ਦੂਰ ਮਿੱਠੂ ਸਿੰਘ ਮਗਨਰੇਗਾ ਦਾ ਕੰਮ ਸ਼ੁਰੂ ਹੋਣ ਦੀ ਉਡੀਕ ਕਰਦਾ ਕਰਦਾ ਰੱਬ ਨੂੰ ਪਿਆਰਾ ਹੋ ਗਿਆ । ਮਜ਼ਦੂਰਾਂ ਨੇ ਦੱਸਿਆ ਕਿ ਪਿੰਡ ਵਿੱਚ ਤਿੰਨ ਸੌ ਤ੍ਹੋ ਉਪਰ ਮਗਨਰੇਗਾ ਮਜ਼ਦੂਰ ਹਨ । ਪਿੰਡ ਦਾ ਸਰਪੰਚ ਅਨੂਸੂਚਿਤ ਜਾਤੀ ਨਾਲ ਸਬੰਧਿਤ ਹੋਣ ਕਾਰਨ ਕੁੱਝ ਪੰਚਾਇਤ ਮੈਂਬਰ ਉਸ ਨੂੰ ਸਹਿਯੋਗ ਨਹੀ੍ਹ ਦੇ ਰਹੇ ਜਿਸ ਕਾਰਨ ਮਗਨਰੇਗਾ ਦਾ ਕੰਮ ਸ਼ੁਰੂ ਨਹੀ੍ਹ ਹੁੰਦਾ । ਮਗਨਰੇਗਾ ਮਜ਼ਦੂਰਾਂ ਨੇ ਕ੍ਰੇਂਦਰ ਸਰਕਾਰ ਵੱਲ੍ਹੋ ਆਉਂਦਾ ਆਨਾਜ ਖੁਰਦ✪ਬੁਰਦ ਕਰਨ ਅਤੇ ਆਟਾ✪ਦਾਲ ਸ਼ਕੀਮ ਦੇ ਕਾਰਡ ਕਟਵਾਉਣ ਅਤੇ ਨਰਮੇ ਦੀ ਖਰਾਬੀ ਦਾ ਮੁਆਵਜ਼ਾ ਨਾ ਦੇਣ ਦੇ ਦੋਸ਼ ਵੀ ਲਗਾਏ । ਬਹੁਜਨ ਸਮਾਜ ਪਾਰਟੀ ਦੇ ਆਗੂ ਜਗਦੀਪ ਸਿੰਘ ਗੋਗੀ, ਲਖਵੀਰ ਸਿੰਘ ਨਿੱਕਾ ਅਤੇ ਅਮਰ ਸਿੰਘ ਰਾਮਾਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪਿੰਡ ਭਗਵਾਨਗੜ੍ਹ ਦੇ ਮਗਨਰੇਗਾ ਮਜ਼ਦੂਰਾਂ ਨੂੰ ਇਨਸਾਫ਼ ਨਾ ਮਿਲਿਆ ਤਾਂ ਉਹ ਤਿੱਖਾ ਸੰਘਰਸ਼ ਵਿੱਢਣਗੇ । ਇਸ ਮੌਕੇ ਮਨਜੀਤ ਕੌਰ, ਪਰਮਜੀਤ ਕੌਰ, ਪਰਵਿੰਦਰ ਕੌਰ, ਹਰਵਿੰਦਰ ਕੌਰ ਸਮੇਤ ਦਰਜ਼ਨਾਂ ਮਗਨਰੇਗਾ ਮਜ਼ਦੂਰ ਮੌਜੂ ਸਨ । ਾ ਦਾ ਕੰਮ ਸ਼ੁਰੂ ਕਰਨ ਲਈ ਪਾਏ ਜਾਂਦੇ ਮਤਿਆਂ ਅਤੇ ਕੀਤੇ ਕੰਮ ਨੂੰ ਪਾਸ ਕਰਵਾਉਣ ਲਈ ਪੰਚਾਇਤ ਮੈਂਬਰਾਂ ਉਪਰ ਦਸਤਖ਼ਤ ਨਾ ਕਰਨ ਦੇ ਦੋਸ਼ ਲਗਾਏ ।

ਸ਼੍ਰੀ ਰਜਨੀਸ਼ ਗਰਗ ਬੀ.ਡੀ.ਪੀ.ਓ. ਸੰਗਤ ਦਾ ਕਹਿਣਾ ਸੀ ਕਿ ਪਹਿਲਾਂ ਪੰਚਾਇਤ ਦਾ ਕੋਰਮ ਪੂਰਾ ਨਾ ਹੋਣ ਕਾਰਨ ਮਗਨਰੇਗਾ ਦਾ ਕੰਮ ਸ਼ੁਰੂ ਨਹੀ੍ਹ ਹੋਇਆ ਸੀ । ਅੱਗੇ ਜਾਂਚ ਕਰਾਂਗੇ ।

# ਨਵੀਂ ਭਰਤੀ 1690 ਸਹਾਇਕ ਲਾਈਨਮੈਨ ਦੀਆਂ ਪੋਸਟਾ ਵਿੱਚ ਪੇਪਰ ਰੱਦ ਕਰਕੇ 2 ਸਾਲ ਵਾਲੇ ਅਪ੍ਰੈਂਟਸਿਪ ਲਾਈਨਮੈਨਾਂ ਨੂੰ ਪਹਿਲ ਦਿੱਤੀ ਜਾਵੇ ਤੇ ਉਮਰ ਹੱਦ 42 ਸਾਲ ਕੀਤੀ ਜਾਵੇ

**ਰਾਮਾਂ ਮੰਡੀ,**
**-ਰੋਜ਼ਾਨਾ ਸਵੇਰਾ-**

ਬੇਰੁਜ਼ਗਾਰ ਲਾਈਨਮੈਨ ਯੂਨੀਅਨ ਮਾਨ ਪੰਜਾਬ ਦੇ ਸੂਬਾ ਕਾਰਜਕਾਰੀ ਪ੍ਰਧਾਨ ਰਾਜਪਾਲ ਸਿੰਘ ਬੱਲਰਾਂ ਵੱਲੋਂ ਦੱਸਿਆ ਗਿਆ ਕਿ ਸਾਲ 2018 ਤੋਂ ਪਹਿਲਾ ਜਿਨ੍ਹਾਂ ਵੀ ਉਮੀਦਵਾਰਾਂ ਨੇ ਅਪ੍ਰੈਂਟਸਿਪ ਕੀਤੀ ਹੈ ਉਨ੍ਹਾਂ ਦੇ 2 ਸਾਲ ਦੀ ਅਪ੍ਰੈਂਟਸਿਪ ਕੀਤੀ ਜਦੋਂ ਕਿ ਸਾਲ 2018 ਤੋਂ ਬਾਅਦ ਅਪ੍ਰੈਂਟਸਿਪ 1 ਸਾਲ ਦੀ ਕਰ ਦਿੱਤੀ ਗਈ ਸੀ । ਅਤੇ ਸਾਲ 2018 ਤੋਂ ਪਹਿਲਾ ਜਿਨ੍ਹਾਂ ਵੀ ਉਮੀਦਵਾਰਾਂ ਨੇ 2 ਸਾਲ ਦੀ ਅਪ੍ਰੈਂਟਸਿਪ ਕੀਤੀ ਹੈ ਉਨ੍ਹਾਂ ਸਾਰੇ ਹੀ ਉਮੀਦਵਾਰਾਂ ਨੇ 100 ਨੰਬਰ ਦਾ ਟੈਕਨੀਕਲ ਬੋਰਡ ਨੂੰ ਥਿਊਰੀ ਪੇਪਰ ਦਿੱਤਾ ਹੈ ਅਤੇ 300 ਨੰਬਰ ਆਈ.ਟੀ.ਆਈ. ਪਟਿਆਲਾ ਵਿੱਖੇ ਪ੍ਰੈਕਟੀਕਲ ਪੇਪਰ ਦਿੱਤਾ ਹੈ ਅਤੇ 120 ਨੰਬਰ ਡਵੀਜ਼ਨ ਪੱਧਰ ਤੋਂ ਸੈਸਨਲ ਮਾਰਕ ਲਗਾਏ ਜਾਂਦੇ ਸਨ ਇਨ੍ਹਾਂ ਸਾਰੇ ਨੰਬਰਾਂ ਦਾ ਜੋੜ ਕਰਕੇ ਮੈਰਿਟ ਤੇ ਭਰਤੀ ਕੀਤੀ ਜਾਂਦੀ ਸੀ । ਪਰ 2022 ਵਿੱਚ ਪਾਸ ਹੋਏ 1 ਸਾਲ ਵਾਲੇ ਅਪ੍ਰੈਂਟਸਿਪ ਲਾਈਨਮੈਨਾ ਕੋਲ੍ਹੋਂ ਨਾ ਤਾਂ ਟੈਕਨੀਕਲ ਬੋਰਡ ਵੱਲੋਂ ਥਿਊਰੀ ਪੇਪਰ ਲਿਆ ਗਿਆ ਹੈ ਅਤੇ ਨਾ ਹੀ ਆਈ.ਟੀ.ਆਈ



ਵੱਲੋਂ ਪ੍ਰੈਕਟੀਕਲ ਲਿਆ ਗਿਆ ਹੈ । ਨਵੇ ਉਮੀਦਵਾਰਾਂ ਦੇ ਸਾਰੇ ਨੰਬਰ ਡਵੀਜ਼ਨ ਪੱਧਰ ਤੋਂ ਲੱਗੇ ਹਨ ਜਿਸ ਨਾਲ ਇੱਕ ਸਾਲ ਵਾਲੇ ਉਮੀਦਵਾਰਾਂ ਅਤੇ 2 ਸਾਲ ਵਾਲੇ ਉਮੀਦਵਾਰਾਂ ਦੀ ਮੈਰਿਟ ਵਿੱਚ ਬਹੁਤ ਫਰਕ ਹੈ ਜਿਸ ਨਾਲ ਜੇਕਰ ਨਵੀਂ ਭਰਤੀ 1690 ਪੋਸਟਾਂ ਵਿੱਚ ਪਾਵਰਕਾਮ ਪੇਪਰ ਰੱਦ ਕਰਕੇ ਮੈਰਿਟ ਤੇ ਭਰਤੀ ਕੀਤੀ ਜਾਂਦੀ ਹੈ ਤਾਂ 2 ਸਾਲ ਵਾਲੇ ਅਪ੍ਰੈਂਟਸਿਪ ਲਾਈਨਮੈਨਾ ਨਾਲ ਧੱਕਾ ਹੋਵੇਗਾ ਅਤੇ ਪੁਰਾਣੇ ਸਾਰੇ ਉਮੀਦਵਾਰ ਉਵਰਏਜ ਹੋ ਜਾਣਗੇ ਤੇ ਰੁਜ਼ਗਾਰ ਤੋਂ ਵਾਂਝੇ ਰਹਿ ਜਾਣਗੇ । ਨਵੇ ਇੱਕ ਸਾਲ ਵਾਲੇ ਉਮੀਦਵਾਰਾਂ ਨੂੰ ਕੁੱਝ ਜੱਥੇਬੰਦੀਆ ਵੱਲੋਂ ਗੱਲਤ ਗਾਈਡ ਕਰਕੇ ਧਰਨੇ ਲਗਵਾਏ ਜਾ ਰਹੇ ਜਿਸ ਨਾਲ ਨਵੇ ਅਤੇ ਪੁਰਾਣੇ ਉਮੀਦਵਾਰਾਂ ਵਿੱਚ ਫੁੱਟ ਪਾਈ ਜਾ ਰਹੀ ਹੈ । ਜੇਕਰ ਨਵੇ ਉਮੀਦਵਾਰ ਇਹ ਚਾਹੁੰਦੇ ਹਨ ਕਿ ਨਵੀ ਭਰਤੀ 1690 ਪੋਸਟਾਂ ਵਿੱਚ ਪੇਪਰ ਰੱਦ ਕਰਕੇ ਮੈਰਿਟ ਤੇ ਭਰਤੀ ਕੀਤੀ ਜਾਵੇ ਤਾਂ 2 ਸਾਲ ਵਾਲੇ ਅਪ੍ਰੈਂਟਸਿਪ ਲਾਈਨਮੈਨਾ ਦੀ ਮੰਗ ਹੈ ਕਿ ਪੇਪਰ ਰੱਦ ਕਰਕੇ 2 ਸਾਲ ਵਾਲੇ ਉਮੀਦਵਾਰਾਂ ਨੂੰ ਪਹਿਲ ਦਿੱਤੀ ਜਾਵੇ ਜਾ ਫਿਰ ਇੱਕ ਸਾਲ ਵਾਲੇ ਨਵੇ ਉਮੀਦਵਾਰਾਂ ਤੋਂ ਵੀ ਟੈਕਨੀਕਲ ਬੋਰਡ ਵੱਲ ਥਿਊਰੀ ਪੇਪਰ ਲਿਆ ਜਾਵੇ ਅਤੇ ਆਈ.ਟੀ.ਆਈ ਵੱਲੋਂ ਪ੍ਰੈਕਟੀਕਲ ਲਿਆ ਜਾਵੇ ਤਾਂ ਸਾਰੇ ਨਵੇ ਤੇ ਪੁਰਾਣੇ ਉਮੀਦਵਾਰਾਂ ਦੀ ਮੈਰਿਟ ਸੂਚੀ ਸਹੀ ਬਣ ਸਕੇ ਕਿਸੇ ਵੀ ਉਮੀਦਵਾਰ ਨਾਲ ਧੱਕਾ ਨਾ ਹੋਵੇ । ਅਤੇ ਪੰਜਾਬ ਸਰਕਾਰ ਵੱਲੋਂ ਨਵੀਆਂ ਭਰਤੀ ਵਿੱਚ ਉਮਰ ਵਾਧਾ ਕੀਤਾ ਜਾ ਰਿਹਾ ਹੈ ਇਸ ਲਈ ਸਾਡੀ ਭਰਤੀ ਵਿੱਚ ਵੀ ਉਮਰ ਹੱਦ 37 ਸਾਲ ਤੋਂ ਵਧਾ ਕੇ 42 ਕੀਤੀ ਜਾਵੇ ਤਾਂ ਜੋ ਸਾਰੇ ਉਮੀਦਵਾਰਾਂ ਨੂੰ ਰੁਜ਼ਗਾਰ ਮਿੱਲ ਸਕੇ ਅਤੇ ਪੋਸਟਾਂ 1690 ਵਿੱਚ ਵਾਧਾ ਕਰਕੇ 2800 ਕੀਤੀਆਂ ਜਾਣ । ਜੇਕਰ ਪਾਵਰਕਾਮ ਜਾ ਪੰਜਾਬ ਸਰਕਾਰ ਨਵੀਂ ਭਰਤੀ ਪੇਪਰ ਰੱਦ ਕਰਕੇ ਮੈਰਿਟ ਤੇ ਭਰਤੀ ਕਰਦੀ ਹੈ ਤਾਂ 2 ਸਾਲ ਵਾਲੇ ਸਾਰੇ ਉਮੀਦਵਾਰਾਂ ਧੱਕਾ ਹੋਵਾਂਗਾ ਜਿਸ ਕਰਕੇ ਮਜਬੂਰਨ ਹਾਲਤ ਵਿੱਚ ਪੁਰਾਣੇ ਸਾਥੀ ਜੋ 15 - 20 ਸਾਲਾ ਤੋਂ ਰੁਜ਼ਗਾਰ ਤੋਂ ਵਾਂਝੇ ਹਨ ਉਹਨਾ ਸਾਰੇ ਬੇਰੁਜ਼ਗਾਰ ਲਾਈਨਮੈਨ ਯੂਨੀਅਨ ਮਾਨ ਵੱਲੋਂ ਅਤੇ ਸੀ.ਆਰ.ਏ 289/16 ਅਤੇ 295/19 ਵਿੱਚ ਭਰਤੀ ਹੋਏ ਸਾਰੇ ਸਾਥੀਆ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ।

# ਤਪਾ ਪੁਲਿਸ ਐਕਸ਼ਨ ਮੋਡ 'ਚ ਆਈ- ਨਾਜਾਇਜ਼ ਕਬਜ਼ੇ ਕਰਨ ਵਾਲਿਆਂ ਨੂੰ ਪਾਈਆਂ ਭਾਜੜਾਂ

**ਤਪਾ ਮੰਡੀ,**
**-ਰੋਜ਼ਾਨਾ ਸਵੇਰਾ-**

ਤਪਾ ਸ਼ਹਿਰ ਅੰਦਰ ਬੀਤੇ ਕਈ ਸਮੇਂ ਤੋਂ ਸੜਕਾਂ ਦੇ ਕਿਨਾਰੇ ਕੁਝ ਲੋਕਾਂ ਵੱਲੋਂ ਰੇਹਡ ?ਆਂ ਅਤੇ ਹੋਰ ਪੱਕੇ ਕਬਜ਼ੇ ਕਰਕੇ ਆਵਾਜਾਈ ਵਿਚ ਵਿਘਨ ਪਾਇਆ ਜਾ ਰਿਹਾ ਸੀ । ਜਿਨ੍ਹਾਂ ਨੂੰ ਅੱਜ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਇੰਸਪੈਕਟਰ ਹਰਵਿੰਦਰ ਸਿੰਘ ਦੀ ਅਗਵਾਈ ਵਿਚ ਪੁਲਸ ਪਾਰਟੀ ਨੇ ਭਾਜੜਾਂ ਪਾ ਦਿੱਤੀਆਂ। ਟੀਮ 'ਚ ਵਿਸ਼ੇਸ਼ ਤੌਰ ਤੇ ਹਾਜ਼ਰ ਸਿਟੀ ਇੰਚਾਰਜ ਸਰਬਜੀਤ ਸਿੰਘ ਨੇ ਸਡ ?ਕਾਂ ਤੇ ਨਾਜਾਇਜ਼ ਕਬਜ਼ੇ ਹਟਵਾਏ ਅਤੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਅੱਗੇ ਤੋਂ ਉਨ੍ਹਾਂ ਨੇ ਸੜਕ ਰੋਕੀ ਤਾਂ ਉਨ੍ਹਾਂ ਦਾ ਸਾਰਾ ਸਾਮਾਨ ਜ਼ਬਤ ਕਰ ਲਿਆ ਜਾਵੇਗਾ ।

ਪੁਲਸ ਵੱਲੋਂ ਜਦੋਂ ਕਾਰਵਾਈ ਪਾਈ ਜਾ ਰਹੀ ਸੀ ਤਾਂ ਬਾਜ਼ਾਰ ਵਿੱਚ ਬਾਹਰ ਸਾਮਾਨ ਰੱਖਣ ਵਾਲੇ ਦੁਕਾਨਦਾਰਾਂ ਨੇ ਫਟਾਫਟ ਆਪਣਾ ਸਾਮਾਨ ਚੁੱਕ ਕੇ ਅੰਦਰ ਕਰ ਲਿਆ ।ਸ਼ਹਿਰ ਨਿਵਾਸੀਆਂ ਵੱਲੋਂ ਪੁਲਸ ਅਤੇ ਨਗਰ ਕੌਂਸਲ ਦੀ ਇਸ ਕਾਰਜ ਦੀ ਭਰਪੂਰ ਸ਼ਲਾਘਾ ਵੀ ਕੀਤੀ ਗਈ ਇਸ ਮੌਕੇ ਨਗਰ ਕੌਂਸਲ ਦੇ ਸੈਨਟਰੀ ਇੰਸਪੈਕਟਰ ਅਮਨਦੀਪ ਸ਼ਰਮਾ ਅਤੇ ਅਵਤਾਰ ਸਿੰਘ ਤਾਰੀ ਆਦਿ ਵੀ ਹਾਜ਼ਰ ਸਨ ।

# ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਕੀਤੀ ਜਾ ਰਹੀ ਹੈ ਛਾਪੇਮਾਰੀ - ਚੌਂਕੀ ਇੰਚਾਰਜ਼



ਥਾਣਾ ਸਦਰ ਧੂਰੀ ਦਾ ਘਿਰਾਓ ਕਰਦੇ ਹੋਏ ਪ੍ਰਦਰਸ਼ਨਕਾਰੀ, ਇਨਸੈਟ 'ਚ ਮ੍ਰਿਤਕ ਦੀ ਫਾਈਲ ਫੋਟੋ

**ਧੂਰੀ,**
**-ਰੋਜ਼ਾਨਾ ਸਵੇਰਾ-**

ਨੇੜਲੇ ਪਿੰਡ ਕੁੰਭੜਵਾਲ ਦੇ ਨਗਰ ਨਿਵਾਸੀਆਂ ਵੱਲੋਂ ਪਿੰਡ ਦੇ ਸ਼ਾਦੀਸ਼ੁਦਾ ਨੌਜਵਾਨ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕਰਨ ਦੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਨੂੰ ਲੈ ਕੇ ਜਿੱਥੇ ਧੂਰੀ-ਸੰਗਰੂਰ ਸੜਕ 'ਤੇ ਇਕ ਘੰਟੇ ਲਈ ਚੱਕਾ ਜਾਮ ਕੀਤਾ ਗਿਆ, ਉਥੇ ਥਾਣਾ ਸਦਰ ਮੂਹਰੇ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ ਕੀਤਾ ਗਿਆ। ਪਿੰਡ ਨਿਵਾਸੀ ਮਨਪ੍ਰੀਤ ਸਿੰਘ ਅਤੇ ਧੂਰੀ ਨਿਵਾਸੀ ਜੋਗਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਪਿੰਡ ਕੁੰਭੜਵਾਲ ਦਾ ਨੌਜਵਾਨ ਮਨਪ੍ਰੀਤ ਸਿੰਘ (26) ਪੁੱਤਰ ਕਰਨੈਲ ਸਿੰਘ ਧਨੌਲਾ ਨੇੜਲੇ ਪਿੰਡ ਕੋਠੇ ਗੋਬਿੰਦਪੁਰਾ ਵਿਖੇ ਵਿਆਹਿਆ ਹੋਇਆ ਸੀ ਅਤੇ ਆਪਣੀ ਪਤਨੀ ਤੇ ਸਹੁਰੇ ਪਰਿਵਾਰ ਵੱਲੋਂ ਪਰੇਸ਼ਾਨ ਕੀਤੇ ਜਾਣ ਕਾਰਨ ਉਸ ਨੇ ਆਤਮ ਹੱਤਿਆ ਕਰ ਲਈ ਸੀ। ਜਿਸ ਸੰਬੰਧੀ ਥਾਣਾ ਸਦਰ ਧੂਰੀ ਅਧੀਨ ਆਉਂਦੀ ਰਣੀਕੇ ਚੌਂਕੀ ਵਿਖੇ ਲੰਘੀ 28 ਜੁਲਾਈ ਨੂੰ ਮੁਕੱਦਮਾ ਨੰਬਰ 155 ਜ਼ੇਰੇ ਧਾਰਾ 306 ਦਰਜ਼ ਕਰਵਾਇਆ ਗਿਆ ਸੀ ਅਤੇ ਪੁਲਸ ਵੱਲੋਂ ਮੁਕੱਦਮੇ ਵਿਚ ਨਾਮਜ਼ਦ ਮੁਲਜ਼ਮਾਂ ਨੂੰ ਹਿਰਾਸਤ ਵਿਚ ਲਿਆ ਸੀ, ਪਰ ਸਿਆਸੀ ਦਬਾਅ ਕਾਰਨ ਪੁਲਸ ਵੱਲੋਂ ਮੁਲਜਮ ਛੱਡ ਦਿੱਤੇ ਗਏ ਸੀ।

ਉਨ੍ਹਾਂ ਰੋਸ ਜਾਹਿਰ ਕਰਦਿਆਂ ਕਿਹਾ ਕਿ ਉਸ ਤੋਂ ਬਾਅਦ ਹਾਲੇ ਤੱਕ ਪੁਲਸ ਵੱਲੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਮ੍ਰਿਤਕ ਦੇ ਪਰਿਵਾਰ ਨੂੰ ਇਨਸਾਫ ਦੇਣ ਲਈ ਮਾਮਲੇ ਵਿਚ ਨਾਮਜ਼ਦ ਮ੍ਰਿਤਕ ਦੀ ਪਤਨੀ, ਸੱਸ, ਸਹੁਰਾ ਅਤੇ ਸਾਲੇ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਪੁਲਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕਰਦੀ, ਉਦੋਂ ਤੱਕ ਧਰਨਾ ਲਗਾਤਾਰ ਜਾਰੀ ਰਹੇਗਾ। ਇਸ ਸੰਬੰਧੀ ਜਦੋਂ ਪੁਲਸ ਚੌਂਕੀ ਰਣੀਕੇ ਦੇ ਇੰਚਾਰਜ਼ ਮਲਕੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਪੀੜਤ ਧਿਰ ਨੂੰ ਇਨਸਾਫ ਦਿਵਾਉਣ ਲਈ ਮੁਲਜ਼ਮਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਬੜੂ ਸਾਹਿਬ ਟਰੱਸਟ ਅਧੀਨ ਅਕਾਲ ਯੂਨੀਵਰਸਿਟੀ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ

**ਸੰਗਰੂਰ,**
**-ਰੋਜ਼ਾਨਾ ਸਵੇਰਾ-**

ਕਲਗੀਧਰ ਟਰੱਸਟ ਬੜੂ ਅਧੀਨ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਵਿਖੇ ਉਤਸ਼ਾਹ ਪੂਰਵਕ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਅਤ ਕੀਤੀ ਗਈ।

ਅਕਾਲ ਯੂਨੀਵਰਸਿਟੀ ਅਕਾਦਮਿਕ, ਨੈਤਿਕ, ਸਮਾਜਿਕ ਆਦਿ ਵੱਖ-ਵੱਖ ਖੇਤਰਾਂ ਵਿਚ ਆਪਣੀਆਂ ਖ਼ਾਸ ਪ੍ਰਾਪਤੀਆਂ ਸਦਕਾ ਮਾਲਵਾ ਖੇਤਰ ਦੀ ਇਕ ਨਾਮਵਰ ਵਿਦਿਅਕ ਸੰਸਥਾ ਵੱਜੋਂ ਪਹਿਚਾਣ ਬਣਾ ਚੁਕੀ ਹੈ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਆਪਣੇ ਮਿਸ਼ਨ ਦੇ ਤਹਿਤ ਅਕਾਲ ਯੂਨੀਵਰਸਿਟੀ ਵਿਖੇ ਨਵੇਂ ਅਕਾਦਮਿਕ ਸਾਲ 2022-23 ਦੀ ਸ਼ੁਰੂਆਤ ਹੋਈ। ਇਸ ਮੌਕੇ ਨਵੇਂ ਦਾਖ਼ਲ ਹੋਏ ਵਿਦਿਆਰਥੀ ਯੂਨੀਵਰਸਿਟੀ ਆਏ। ਸਭ ਤੋਂ ਪਹਿਲਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਅਕਾਲ ਪੁਰਖ ਅੱਗੇ ਨਵੇਂ ਸੈਸ਼ਨ ਦੀ ਸਫਲਤਾ ਅਤੇ ਵਿੱਦਿਆ ਦਾ ਦਾਨ ਗ੍ਰਹਿਣ ਕਰਨ ਲਈ ਅਰਦਾਸ ਕਰਦਿਆਂ 'ਗੁਰਮਤਿ ਸਮਾਗਮ' 'ਚ ਹਿੱਸਾ ਲਿਆ। ਹਾਜ਼ਰੀਨ ਨੇ ਬੜੀ ਸ਼ਰਧਾ ਨਾਲ ਕੀਰਤਨ ਦਾ ਆਨੰਦ ਮਾਣਿਆ। ਉਪਰੰਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫ਼ੈਸਰ ਗੁਰਮੇਲ ਸਿੰਘ ਨੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਮਿਸ਼ਨ ਤੋਂ ਜਾਣੂ ਕਰਵਾਉਦਿਆ ਵਿਦਿਆਰਥੀਆਂ ਨੂੰ ਜ਼ਿੰਦਗੀ 'ਚ ਸਫਲ ਹੋਣ ਲਈ ਆਪਣੇ ਭਵਿੱਖ ਦੀ ਯੋਜਨਾਬੰਦੀ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਵਿਦਿਆਰਥੀਆਂ ਨਾਲ ਆਪਣੇ ਸੰਘਰਸ਼ਮਈ ਜੀਵਨ ਦੇ ਨਿੱਜੀ ਅਨੁਭਵ ਸਾਂਝੇ ਕਰਦਿਆਂ ਇਕ ਰੋਚਕ ਸੰਵਾਦ ਰਚਾਇਆ। ਇਸ ਤੋਂ ਬਾਅਦ ਰਜਿਸਟਰਾਰ ਡਾ. ਸਵਰਨ ਸਿੰਘ, ਡੀਨ ਅਕਾਦਮਿਕ ਮਾਮਲੇ ਮੇਜਰ ਜਨਰਲ ਡਾ. ਗੁਰਚਰਨ ਸਿੰਘ ਲਾਂਬਾ ਅਤੇ ਡੀਨ ਵਿਦਿਆਰਥੀ ਭਲਾਈ ਡਾ. ਬੀਰ ਬਿਕਰਮ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਇਸ ਤੋਂ ਬਾਅਦ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਨੇ ਆਪਣੇ ਆਪਣੇ ਵਿਭਾਗ ਦੇ ਅਧਿਆਪਕਾਂ ਨਾਲ ਜਾਣ-ਪਛਾਣ ਕੀਤੀ। ਉਹਨਾਂ ਨੇ ਪਹਿਲੇ ਦਿਨ ਯੂਨੀਵਰਸਿਟੀ ਦੀ ਲਾਇਬ੍ਰੇਰੀ, ਸਾਇੰਸ ਲੈਬਾਂ, ਵਾਈਸ ਚਾਂਸਲਰ ਦਫ਼ਤਰ, ਰਜਿਸਟਰਾਰ ਦਫ਼ਤਰ, ਡੀਨ ਅਕਾਦਮਿਕ ਦਫ਼ਤਰ, ਸਟੇਸ਼ਨਰੀ ਦੀ ਦੁਕਾਨ ਅਤੇ ਕੰਟੀਨ ਆਦਿ ਮੁੱਖ ਸਥਾਨ ਬਾਰੇ ਘੁੰਮ ਕੇ ਜਾਣਕਾਰੀ ਪ੍ਰਾਪਤ ਕੀਤੀ।



# ਮੁੱਖ ਮੰਤਰੀ ਵੱਲੋਂ 9.30 ਕਰੋੜ ਰੁਪਏ ਦੇ ਨਗਦ ਇਨਾਮਾਂ ਨਾਲ 23 ਖਿਡਾਰੀ ਸਨਮਾਨਿਤ

(ਸ਼ਫਾ 1 ਦੀ ਬਾਕੀ)

ਨਿਮਾਣਾ ਜਿਹਾ ਉਪਰਾਲਾ ਹੈ।

ਖਿਡਾਰੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਖੇਡਾਂ ਦੇ ਖੇਤਰ ਵਿੱਚ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਸ ਬਾਰੇ ਸੂਬੇ ਵੱਲੋਂ ਪਹਿਲਾਂ ਹੀ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੇ ਖਿਡਾਰੀਆਂ ਨੂੰ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਅਤੇ ਹੋਰ ਉਭਰਦੇ ਖਿਡਾਰੀਆਂ ਨੂੰ ਖੇਡਾਂ ਵਿੱਚ ਮੱਲਾਂ ਮਾਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਾਡੇ ਖਿਡਾਰੀਆਂ ਨੇ ਸੂਬੇ ਦਾ ਨਾਂ ਰੌਸ਼ਨ ਕੀਤਾ ਹੈ ਅਤੇ ਹੁਣ ਇਨ੍ਹਾਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੈ।

ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨ ਲਈ ਖੇਡਾਂ ਦੇ ਬੁਨਿਆਦੀ ਢਾਂਚੇ ਦੀ ਸਖ਼ਤ ਲੋੜ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਦੀ ਪ੍ਰਤਿਭਾ ਕੁਦਰਤੀ ਤੌਰ ਉਤੇ ਵਿਰਾਸਤ ਵਿੱਚ ਮਿਲੀ ਹੈ ਅਤੇ ਜੇਕਰ ਮੌਕਾ ਦਿੱਤਾ ਗਿਆ ਤਾਂ ਇਹ ਖਿਡਾਰੀ ਪੂਰੀ ਦੁਨੀਆ ਵਿਚ ਹਿੰਮਤ ਨਾਲ ਜੇਤੂ ਇਰਾਦਾ ਲੈ ਕੇ ਮੁਕਾਬਲੇ ਵਿਚ ਉਤਰਨਗੇ। ਭਗਵੰਤ ਮਾਨ ਨੇ ਕਿਹਾ ਕਿ ਇਸ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਲਈ ਪੇਸ਼ੇਵਰ ਕੋਚਾਂ ਦੇ ਨਾਲ-ਨਾਲ ਖੁਰਾਕ ਅਤੇ ਹੋਰ ਸਹੂਲਤਾਂ ਦੀ ਲੋੜ ਹੈ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬਾ ਸਰਕਾਰ ਨੇ ਪਿੰਡ ਪੱਧਰ 'ਤੇ ਨਵੇਂ ਸਟੇਡੀਅਮ ਬਣਾਉਣ ਲਈ ਪਹਿਲਾਂ ਹੀ ਖੇਡਾਂ ਦੇ ਬਜਟ ਵਿੱਚ ਵਾਧਾ ਕੀਤਾ ਹੈ, ਜਿੱਥੋਂ ਕੁਦਰਤੀ ਤੌਰ ਉਤੇ ਪ੍ਰਤਿਭਾ ਪੈਦਾ ਹੁੰਦੀ ਹੈ ਪਰ ਦੁੱਖ ਇਸ ਗੱਲ ਦਾ ਹੈ ਕਿ ਹੁਣ ਤੱਕ ਇਸ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ। 29 ਅਗਸਤ ਤੋਂ ਸ਼ੁਰੂ ਹੋ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਉਮੀਦ ਪ੍ਰਗਟਾਈ ਕਿ ਇਹ ਖੇਡਾਂ ਖਿਡਾਰੀਆਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਲਿਜਾ ਕੇ ਸੂਬੇ ਵਿੱਚ ਖੇਡ ਗਤੀਵਿਧੀਆਂ ਨੂੰ ਵੱਡਾ ਹੁਲਾਰਾ ਦੇਣਗੀਆਂ। ਭਗਵੰਤ ਮਾਨ ਨੇ ਕਿਹਾ ਕਿ ਅਜਿਹੇ ਠੋਸ ਉਪਰਾਲੇ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਪ੍ਰਸਿੱਧੀ ਹਾਸਲ ਕਰਨ ਲਈ ਢੁਕਵਾਂ ਮੰਚ ਪ੍ਰਦਾਨ ਕਰਨਗੀਆਂ।ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਕੂਲਾਂ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸੂਬਾ ਸਰਕਾਰ ਡੀ.ਪੀ. ਅਤੇ ਪੀ.ਟੀ.ਆਈ. ਅਧਿਆਪਕਾਂ ਦੀ ਭਰਤੀ ਜੰਗੀ ਪੱਧਰ 'ਤੇ ਕਰ ਰਹੀ ਹੈ। ਖਿਡਾਰੀਆਂ ਨਾਲ ਆਪਣੇ ਤਜਰਬੇ ਸਾਂਝੇ ਕਰਦਿਆਂ ਭਗਵੰਤ ਮਾਨ ਨੇ ਖੇਡਾਂ ਪ੍ਰਤੀ ਪਿਆਰ ਦਾ ਵੀ ਖੁਲਾਸਾ ਕੀਤਾ ਅਤੇ ਦੱਸਿਆ ਕਿ ਹਾਕੀ ਨਾਲ ਪਿਆਰ ਉਨ੍ਹਾਂ ਨੂੰ ਆਪਣੇ ਪਿਤਾ ਤੋਂ ਵਿਰਸੇ ਵਿੱਚ ਮਿਲਿਆ ਹੈ। ਮੁੱਖ ਮੰਤਰੀ ਨੇ ਹਾਕੀ ਦੇ ਮਹਾਨ ਖਿਡਾਰੀਆਂ ਜਿਵੇਂ ਕਿ ਬਲਬੀਰ ਸਿੰਘ ਸੀਨੀਅਰ, ਸੁਰਜੀਤ ਸਿੰਘ, ਧਨਰਾਜ ਪਿੱਲੇ, ਗਗਨ ਅਜੀਤ ਸਿੰਘ ਅਤੇ ਹੋਰਾਂ ਖਿਡਾਰੀਆਂ ਨੂੰ ਵੀ ਯਾਦ ਕੀਤਾ ਜਿਨ੍ਹਾਂ ਨੇ ਹਾਕੀ ਵਿੱਚ ਦੇਸ਼ ਦਾ ਨਾਮ ਰੌਸ਼ਨ ਕੀਤਾ। ਉਨ੍ਹਾਂ ਨੇ ਗੁਰਜੰਟ, ਮਨਪ੍ਰੀਤ, ਅਕਾਸ਼ਦੀਪ ਅਤੇ ਹੋਰਨਾਂ ਨੂੰ ਅਜੋਕੇ ਸਮੇਂ ਦੇ ਚਮਕਦੇ ਸਿਤਾਰੇ ਦੱਸਦਿਆਂ ਆਸ ਪ੍ਰਗਟਾਈ ਕਿ ਦੇਸ਼ ਇਨ੍ਹਾਂ ਮਹਾਨ ਖਿਡਾਰੀਆਂ ਦੇ ਸਹਾਰੇ ਇੱਕ ਵਾਰ ਫਿਰ ਤੋਂ ਵਿਸ਼ਵ ਪੱਧਰ ਉਤੇ ਸਫਲਤਾ ਦੀ ਇਬਾਰਤ ਲਿਖੇਗਾ। ਹਾਲੈਂਡ ਦੇ ਪ੍ਰਸਿੱਧ ਡਰੈਗ ਫਲਿੱਕਰ ਫਲੋਰਿਸ ਜਾਨ ਬੋਲਲੈਂਡਰ, ਟੈਨਿਸ ਖਿਡਾਰਨਾਂ ਮਾਰਟੀਨਾ ਨਵਰਾਤੀਲੋਵਾ ਅਤੇ ਬੋਰਿਸ ਬੇਕਰ ਨੂੰ ਯਾਦ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਖੇਡਾਂ ਦੇ ਨਿਯਮ ਬਹੁਤ ਬਦਲ ਰਹੇ ਹਨ, ਇਸ ਲਈ ਸਾਨੂੰ ਇਨ੍ਹਾਂ ਨਿਯਮਾਂ ਮੁਤਾਬਕ ਤੇਜ਼ੀ ਨਾਲ ਢਲਣਾ ਹੋਵੇਗਾ।

# 12 ਸਕਿੰਟਾਂ 'ਚ ਮਲਬਾ ਬਣੇ 'ਟਵਿਨ ਟਾਵਰ'

(ਸ਼ਫਾ 1 ਦੀ ਬਾਕੀ)

ਸੀ ਕਿ ਗ਼ੈਰਕਾਨੂੰਨੀ ਉਸਾਰੀ ਨਾਲ ਸਖ਼ਤੀ ਨਾਲ ਸਿੱਝਣ ਦੀ ਲੋੜ ਹੈ ਤਾਂ ਜੋ ਕਾਨੂੰਨ ਦੇ ਨੇਮਾਂ ਦੀ ਪਾਲਣਾ ਯਕੀਨੀ ਬਣਾਈ ਜਾ ਸਕੇ। ਨੋਇਡਾ ਅਥਾਰਿਟੀ, ਜਿਸ ਨੇ ਇਮਾਰਤ ਦੇ ਨਕਸ਼ਿਆਂ ਨੂੰ ਪ੍ਰਵਾਨਗੀ ਦਿੱਤੀ ਸੀ, ਨੇ ਟਾਵਰ ਢਾਹੁਣ ਦੇ ਅਮਲ 'ਤੇ ਨਿਗਰਾਨੀ ਰੱਖੀ। ਇਨ੍ਹਾਂ ਟਾਵਰਾਂ ਦੀਆਂ 40 ਮੰਜ਼ਿਲਾਂ ਬਣਨੀਆਂ ਸਨ ਜਿਸ 'ਚ 21 ਦੁਕਾਨਾਂ ਅਤੇ 915 ਅਪਾਰਟਮੈਂਟ ਹੋਣੇ ਸਨ। ਸਿਖਰਲੀ ਅਦਾਲਤ ਨੇ ਹੁਕਮ ਦਿੱਤੇ ਸਨ ਕਿ ਸੁਪਰਟੈੱਕ ਇਨ੍ਹਾਂ ਟਾਵਰਾਂ ਨੂੰ ਡੇਗਣ 'ਚ ਆਉਣ ਵਾਲੇ ਕਰੀਬ 20 ਕਰੋੜ ਰੁਪਏ ਖ਼ਰਚੇ ਦੀ ਅਦਾਇਗੀ ਕਰੇਗੀ। ਟਵਿਨ ਟਾਵਰਾਂ ਨੂੰ ਢਾਹੁਣ ਵਾਲੀ ਕੰਪਨੀ ਐਡੀਫਿਸ ਇੰਜਨੀਅਰਿੰਗ ਨੇ ਦੱਖਣੀ ਅਫ਼ਰੀਕੀ ਕੰਪਨੀ ਜੈੱਟ ਡੈਮੋਲਿਸ਼ਨ ਨਾਲ ਮਿਲ ਕੇ ਪਹਿਲਾਂ 2020 'ਚ ਕੋਚੀ (ਕੇਰਲਾ) ਸਥਿਤ ਮਰਾਡੂ ਕੰਪਲੈਕਸ ਨੂੰ ਢਾਹਿਆ ਸੀ ਜਿਸ 'ਚ 18 ਤੋਂ 20 ਮੰਜ਼ਿਲਾਂ ਵਾਲੇ ਚਾਰ ਰਿਹਾਇਸ਼ੀ ਭਵਨ ਸਨ। ਸਾਲ 2019 'ਚ ਜੈੱਟ ਡੈਮੋਲਿਸ਼ਨ ਨੇ ਜੋਹੈੱਨਸਬਰਗ (ਦੱਖਣੀ ਅਫ਼ਰੀਕਾ) 'ਚ ਬੈਂਕ ਆਫ਼ ਲਿਸਬਨ ਦੀ 108 ਮੀਟਰ ਉੱਚੀ ਇਮਾਰਤ ਨੂੰ ਢਾਹਿਆ ਸੀ। -ਪੀਟੀਆਈ

**ਨੋਇਡਾ ਅਥਾਰਿਟੀ ਦੀ ਪ੍ਰਵਾਨਿਤ ਯੋਜਨਾ ਮੁਤਾਬਕ ਉਸਾਰੇ ਗਏ ਸਨ ਟਾਵਰ: ਸੁਪਰਟੈੱਕ**

ਰਿਐਲਟੀ ਫਰਮ ਸੁਪਰਟੈੱਕ ਲਿਮਟਿਡ ਨੇ ਦਾਅਵਾ ਕੀਤਾ ਹੈ ਕਿ ਨੋਇਡਾ 'ਚ ਟਵਿਨ ਟਾਵਰ ਢਹਿ-ਢੇਰੀ ਹੋਣ ਕਾਰਨ ਉਸ ਨੂੰ ਕਰੀਬ 500 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ 'ਚ ਟਾਵਰਾਂ ਦੀ ਉਸਾਰੀ ਅਤੇ ਵਿਆਜ ਆਦਿ ਦੀ ਰਕਮ ਵੀ ਸ਼ਾਮਲ ਹੈ। ਕੰਪਨੀ ਦੇ ਚੇਅਰਮੈਨ ਆਰ ਕੇ ਅਰੋੜਾ ਨੇ ਕਿਹਾ ਕਿ ਹੋਰ ਖ਼ਰਚਿਆਂ ਤੋਂ ਇਲਾਵਾ ਦੋਵੇਂ ਟਾਵਰਾਂ ਦੇ ਖ਼ਰੀਦਦਾਰਾਂ ਨੂੰ 12 ਫ਼ੀਸਦੀ ਵਿਆਜ ਵੀ ਅਦਾ ਕੀਤਾ ਗਿਆ ਹੈ। ਉਨ੍ਹਾਂ ਕਿਹਾ,"ਦੋਵੇਂ ਟਾਵਰਾਂ ਦਾ ਖੇਤਰ ਕਰੀਬ 8 ਲੱਖ ਸਕੁਏਅਰ ਫੁੱਟ ਸੀ ਅਤੇ ਇਹ ਨੋਇਡਾ ਡਿਵੈਲਪਮੈਂਟ ਅਥਾਰਿਟੀ ਵੱਲੋਂ ਮਨਜ਼ੂਰ ਭਵਨ ਯੋਜਨਾ ਮੁਤਾਬਕ ਉਸਾਰੇ ਗਏ ਸਨ।" ਦੋਵੇਂ ਟਾਵਰਾਂ ਦੇ 900 ਤੋਂ ਜ਼ਿਆਦਾ ਅਪਾਰਟਮੈਂਟਾਂ ਦੀ ਬਾਜ਼ਾਰ ਕੀਮਤ 700 ਕਰੋੜ ਰੁਪਏ ਤੋਂ ਵੱਧ ਦੱਸੀ ਗਈ ਹੈ।

ਸੁਪਰਟੈੱਕ ਨੇ ਇਕ ਵੱਖਰੇ ਬਿਆਨ 'ਚ ਕਿਹਾ ਕਿ ਟਵਿਨ ਟਾਵਰ ਢਹਿ-ਢੇਰੀ ਕਰਨ ਨਾਲ ਉਨ੍ਹਾਂ ਦੇ ਹੋਰ ਪ੍ਰਾਜੈਕਟਾਂ 'ਤੇ ਕੋਈ ਅਸਰ ਨਹੀਂ ਪਵੇਗਾ। ਕੰਪਨੀ ਮੁਤਾਬਕ ਉਨ੍ਹਾਂ ਲੋਕਾਂ ਨੂੰ 70 ਹਜ਼ਾਰ ਤੋਂ ਵੱਧ ਫਲੈਟ ਮੁਹੱਈਆ ਕਰਵਾਏ ਹਨ ਅਤੇ ਬਾਕੀ ਖ਼ਰੀਦਦਾਰਾਂ ਨੂੰ ਵੀ ਫਲੈਟ ਸਮੇਂ 'ਤੇ ਦੇਣ ਪ੍ਰਤੀ ਉਹ ਵਚਨਬੱਧ ਹੈ। ਉਨ੍ਹਾਂ ਭਰੋਸਾ ਦਿੱਤਾ ਹੈ ਕਿ ਸੁਪਰੀਮ ਕੋਰਟ ਦੇ ਹੁਕਮ ਨਾਲ ਹੋਰ ਪ੍ਰਾਜੈਕਟਾਂ 'ਤੇ ਕੋਈ ਅਸਰ ਨਹੀਂ ਪਵੇਗਾ।

# .ਗੈਰਕਾਨੂੰਨੀ ਮਾਈਨਿੰਗ ਨੂੰ ਲੈ ਕੇ ਮਾਮਲਾ ਦਰਜ

**ਨੂਰਪੁਰਬੇਦੀ,**
**-ਰੋਜ਼ਾਨਾ ਸਵੇਰਾ-**

ਗੈਰਕਾਨੂੰਨੀ ਮਾਈਨਿੰਗ ਨੂੰ ਲੈ ਕੇ ਨਿਰੰਤਰ ਮਾਈਨਿੰਗ ਵਿਭਾਗ ਵੱਲੋ ਨੂਰਪੁਰਬੇਦੀ ਇਲਾਕੇ ਦੇ ਵਿੱਚ ਕਾਰਵਾਈ ਜਾਰੀ ਹੈ। ਜਿਸ ਦੇ ਤਹਿਤ ਪਿੰਡ ਐਲਗਰਾਂ ਸਥਿਤ ਸ਼ਿਵਾਲਿਕ ਸਕਰੀਨਿੰਗ ਯੂਨਿਟ ਤੇ ਉਸ ਦੇ ਨਾਮਾਲੂਮ ਜ਼ਮੀਨ ਮਾਲਕਾਂ ਖਿਲਾਫ ਪੁਲਸ ਨੇ ਵੱਖ-ਵੱਖ ਧਾਰਾਵਾਂ ਤਹਿਤ ਪਰਚਾ ਦਰਜ ਕੀਤਾ ਹੈ। ਥਾਣਾ ਨੂਰਪੁਰਬੇਦੀ ਤੋਂ ਮਿਲੀ ਜਾਣਕਾਰੀ ਮੁਤਾਬਕ ਜੂਨੀਅਰ ਮਾਇਨਿੰਗ ਇੰਜਨੀਅਰ ਨੰਗਲ ਜਸ਼ਨਪ੍ਰੀਤ ਸਿੰਘ ਬਰਾੜ ਨੇ ਉਕਤ ਸਟੋਨ ਕਰੱਸ਼ਰ ਦਾ ਨਿਰੀਖਣ ਕੀਤਾ, ਤੇ ਉਥੇ ਜਾਂਚ ਦੌਰਾਨ ਵੱਡਾ ਮਾਈਨਿੰਗ ਕੀਤਾ ਗਿਆ ਖੱਡਾ ਪਾਇਆ ਗਿਆ। ਜਿਸ ਦੀ ਮੌਕੇ ਤੇ ਹੀ ਜੂਨੀਅਰ ਇੰਜੀਨੀਅਰ ਵੱਲੋਂ ਆਪਣੀ ਟੀਮ ਦੇ ਨਾਲ ਪੈਮਾਇਸ਼ ਵੀ ਕੀਤੀ ਗਈ। ਉਨ੍ਹਾਂ ਦੀ ਸ਼ਿਕਾਇਤ ਤੇ ਪੁਲਸ ਵਿਭਾਗ ਨੇ ਉਪਰੋਕਤ ਆਰੋਪੀਆਂ ਖਿਲਾਫ ਮਾਈਨਿੰਗ ਮਾਈਨਿੰਗ ਮਿਨਰਲ ਐਕਟ ਤਹਿਤ ਪਰਚਾ ਦਰਜ ਕੀਤਾ ਹੈ।

# 36ਵੀਂ ਜੇ.ਸੀ.ਟੀ. ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ 'ਚ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਗੜ੍ਹਸ਼ੰਕਰ ਨੇ ਰੇਲ ਕੋਚ ਫੈਕਟਰੀ ਨੂੰ ਹਰਾਇਆ



**ਗੜ੍ਹਸ਼ੰਕਰ,**
**-ਰੋਜ਼ਾਨਾ ਸਵੇਰਾ-**

ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਸਟੇਡੀਅਮ 'ਚ ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਦੇ ਪ੍ਰਬੰਧਾਂ ਹੇਠ 36ਵੀਂ ਜੇ.ਸੀ.ਟੀ. ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਦਾ ਮੁਕਾਬਲਾ ਕਰਵਾਇਆ ਗਿਆ।

ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਗੜ੍ਹਸ਼ੰਕਰ ਅਤੇ ਰੇਲ ਕੋਚ ਫੈਕਟਰੀ ਕਪੂਰਥਲਾ ਦਰਮਿਆਨ ਕਰਵਾਇਆ ਗਿਆ। ਮੁਕਾਬਲੇ ਵਿਚ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਗੜ੍ਹਸ਼ੰਕਰ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਰੇਲ ਕੋਚ ਫੈਕਟਰੀ ਕਪੂਰਥਲਾ ਨੂੰ 4-2 ਗੋਲਾਂ ਦੇ ਫਰਕ ਨਾਲ ਹਰਾਕੇ ਜਿੱਤ ਦਰਜ਼ ਕੀਤੀ।

ਗੜ੍ਹਸ਼ੰਕਰ ਟੀਮ ਦੇ ਖਿਡਾਰੀ ਕਮਲਜੀਤ ਨੇ 3 ਗੋਲ ਕਰਕੇ ਟੀਮ ਨੂੰ ਸ਼ਾਨਦਾਰ ਜਿੱਤ ਦਿਵਾਈ।

ਇਸ ਮੌਕੇ ਡਾ. ਚਰਨਜੀਤ ਪਾਲ ਰਿਟਾ. ਐੱਸ.ਐੱਮ.ਓ., ਟੂਰਨਾਮੈਂਟ ਕਮੇਟੀ ਵਲੋਂ ਡਾ. ਹਰਵਿੰਦਰ ਸਿੰਘ ਬਾਠ, ਯੋਗ ਰਾਜ ਗੰਭੀਰ, ਰੋਸ਼ਨਜੀਤ ਸਿੰਘ ਪਨਾਮ, ਅਮਨਦੀਪ ਸਿੰਘ ਬੈਂਸ, ਰਾਣਾ ਸ਼ਲਿੰਦਰ ਸਿੰਘ, ਅਸ਼ੋਕ ਪ੍ਰਾਸ਼ਰ, ਤਰਲੋਚਨ ਸਿੰਘ ਗੋਲੀਆਂ, ਪਰਮਿੰਦਰ ਸਿੰਘ ਸੁਪਰਡੈਂਟ, ਕੋਚ ਹਰਦੀਪ ਸਿੰਘ ਗਿੱਲ, ਕੋਚ ਚਰਨਜੀਤ ਪੋਸੀ, ਡੀ.ਪੀ.ਈ. ਸੰਦੀਪ ਕੁਮਾਰ ਤੇ ਹੋਰ ਹਾਜ਼ਰ ਹੋਏ।

# ਭਾਰਤੀ ਵਕੀਲ ਐਸੋਸੀਏਸਨ ਦੀ ਮਟਿੰਗ ਮੁਹਾਲੀ ਵਿੱਚ ਹੋਈ-ਐਡਵੋਕੇਟ ਦੱਪਰ

**ਲਾਲੜੂ,**
**-ਰੋਜ਼ਾਨਾ ਸਵੇਰਾ-**



ਭਾਰਤੀ ਵਕੀਲ ਐਸੋਸੀਏਸ਼ਨ ਦੀ ਮਟਿੰਗ ਸ਼੍ਰੀ ਸਪੂਰਨ ਸਿੰਘ ਛਾਜਲੀ ਦੀ ਪ੍ਰਧਾਨਗੀ ਹੇਠ ਮੁਹਾਲੀ ਜਿਲ੍ਹਾ ਬਾਰ ਵਿੱਖੇ ਹੋਈ, ਜਿਸ ਵਿੱਚ ਵਕੀਲ ਭਾਇਚਾਰੇ ਨੂੰ ਦਰਪੇਸ਼ ਆ ਰਹੀਆ ਮੁਸ਼ਕਿਲਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ ਖਾਸ ਕਰਕੇ ਬਿਲਕੀਸ ਬਾਨੋ ਦੇ ਕੇਸ ਦੇ ਅਪਰਾਧੀਆਂ ਨੂੰ ਗੁਜਰਾਤ ਸਰਕਾਰ ਦੁਬਾਰਾ 15 ਅਗਸਤ 2022 ਵਾਲੇ ਦਿਨ ਨੂੰ ਰਹਿੰਦੀ ਸਜਾ ਮਾਫ ਕਰਨ ਦੀ ਸਖਤ ਨਖੇਦੀ ਕੀਤੀ ਗਈ। ਐਸੋਸੀਏਸ਼ਨ ਦੇ ਪੰਜਾਬ ਯੂਨਿਟ ਦੇ ਜਨਰਲ ਸਕੱਤਰ ਐਡਵੋਕੇਟ ਜਸਪਾਲ ਸਿੰਘ ਦੱਪਰ ਨੇ ਬਿਲਕੀਸ ਬਾਨੋ ਦੇ ਕੇਸ ਤੇ ਚਾਨਣਾਂ ਪਾਇਆ ਕਿ ਗੁਜਰਾਤ ਦੰਗਿਆ ਵਿੱਚ ਜਦੋਂ ਖਾਸ ਕਰਕੇ ਮੁਸਲਮਾਨ ਭਾਇਚਾਰੀ ਨੂੰ 2002 ਵਿੱਚ ਬਿਲਕੀਸ ਬਾਨੋਂ ਦੇ ਪਰਿਵਾਰ ਦੇ 7 ਮੈਂਬਰਾਂ ਸਮੇਤ 2 ਸਾਲ ਦੀ ਬੱਚੀ ਅਤੇ ਬਲਕੀਸ ਬਾਨੋਂ ਨਾਲ ਗੈਂਗਰੇਪ ਕੀਤਾ ਗਿਆ, ਜਦੋਂ ਨੇੜਲੇ ਪੁਲਿਸ ਥਾਣੇ ਨੂੰ ਇਸ ਘਟਨਾ ਸਬੰਧੀ ਜਾਣਕਾਰੀ ਦੇਣ ਗਏ ਤਾਂ ਉਸ ਦਾ ਬਿਆਨ ਦਰਜ ਕਰਨ ਤੋਂ ਮਨਾਂ ਕਰ ਦਿੱਤਾ ਗਿਆ ਅਤੇ 3 ਦਿਨ ਪੁਲਿਸ ਸਟੇਸ਼ਨ ਵਿੱਚ ਰੱਖਿਆ ਗਿਆ ਅਤੇ ਬਲਕੀਸ ਬਾਨੋਂ ਨੇ ਮੈਜੀਸਟ੍ਰੇਟ ਨੂੰ ਦੰਗਾ ਪੀੜਤਾ ਦੇ ਕੈਂਪ ਵਿੱਚ ਦਿੱਤਾ, ਪਰ ਉਸ ਦੇ ਬਾਵਜੂਦ ਦੋਸ਼ੀਆ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਇਸ ਕੇਸ ਦਾ ਨੈਸ਼ਨਲ ਹਊਮਨ ਰਾਇਟਸ ਕਮਿਸ਼ਨ ਨੇ ਸੰਘਿਆਨ ਲਿੱਤਾ ਅਤੇ ਸੁਪਰੀਮ ਕੋਰਟ ਆਫ ਇੰਡੀਆ ਨੇ ਇਹ ਕੇਸ ਸੀ.ਬੀ.ਆਈ ਵਿੱਚ ਜਾਂਚ ਲਈ ਸੋਪ ਦਿੱਤਾ ਤਾਂ ਸੀ.ਬੀ.ਆਈ ਨੇ 12 ਦੋਸ਼ੀਆ ਨੂੰ ਅਦਾਲਤ ਵਿੱਚ ਪੇਸ਼ ਕੀਤਾ ਲਕੀਸ ਬਾਨਓਂ ਤੇ ਗਾਵਾਹਾਂ ਦੀ ਜਾਨ ਨੂੰ ਖਤਰੇ ਨੂੰ ਮੁੱਖ ਰੱਖਦੇ ਹੋਏ ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਅਦਾਲਤ ਵਿੱਚ ਤਬਦੀਲ ਕਰ ਦਿੱਤਾ। ਕੇਸ ਦੀ ਕਾਰਵਾਈ ਮੁਕੰਮਲ ਹੋਣ ਤੇ ਮਾਨਯੋਗ ਸ਼ੈਸ਼ਨ ਜੱਜ ਜਸਟਿਸ ਯੂ.ਡੀ. ਸਾਲਵੀ ਨੇ ਦੋਸ਼ੀਆ ਨੂੰ ਕਤਲ ਅਤੇ ਬਲਾਤਕਾਰ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜਾ ਸੁਣਾਈ। ਪਰ ਗੁਰਜਰਾਤ ਸਰਕਾਰ ਨੇ ਤੱਥਾਂ ਅਤੇ ਕਾਨੂੰਨ ਦੇ ਖਿਲਾਫ ਇੱਕ ਕਮੇਟੀ ਬਣਾਈ ਜਿਸ ਵਿੱਚ 2 ਐਮ.ਐਲ.ਏ ਸ਼ਾਮਿਲ ਸਨ ਜਿਸ ਵਿੱਚ ਕਮੇਟੀ ਨੇ 15 ਅਗਸਤ ਨੂੰ ਦੋਸ਼ੀਆ ਦੀ ਰਹਿੰਦੀ ਸਜਾ ਮਾਫ ਕਰਨ ਦਾ ਫੈਸਲਾ ਸੁਣਾ ਦਿੱਤਾ। ਦੋਸ਼ੀਆ ਨੇ ਜੇਲ ਤੋਂ ਰਿਹਾ ਹੋਣ ਤੋਂ ਜਿਸ ਤਰਾਂ ਉਹਨਾਂ ਦਾ ਹਾਰ ਪਾ ਕੇ ਤੇ ਲੱਡੂ ਖਵਾਕੇ ਸਵਾਗਤ ਕੀਤਾ ਗਿਆ ਜੋ ਕੀ ਦੰਗਿਆ ਵਿੱਚ ਕਤਲ ਕੀਤੇ ਲੋਕਾਂ ਅਤੇ ਜਿਉਂਦੇ ਰਹਿ ਗਏ ਵਾਰਿਸਾ ਦੇ ਜਖਮਾਂ ਤੇ ਲੂਣ ਛਿੜਕਨ ਦਾ ਕੰਮ ਕੀਤਾ ਹੈ ਅਤੇ ਸੰਵਿਧਾਨ ਤੇ ਕਾਨੂੰਨ ਦੀਆ ਧੱਜੀਆ ਉਡਾਈਆਂ ਹਨ ਜਦੋਂ ਕਿ ਕਾਨੂੰਨ ਮੁਤਾਬਿਕ ਜੋ ਅਪਰਾਧ ਦੋਸ਼ੀਆ ਨੇ ਕੀਤਾ ਜੋ ਕੀ ਮਨੁੱਖਤਾ ਖਿਲਾਫ ਘੋਰ ਅਪਰਾਧ ਹੈ। ਜਿਸ ਵਿੱਚ 7 ਬੰਦਿਆ ਦਾ ਕਤਲ ਅਤੇ ਬਲਾਤਕਾਰ ਵਰਗੀ ਘਨੋਨੀ ਹਰਕਤ ਕੀਤੀ ਹੋਵੇ। ਇਸ ਵਿੱਚ ਦੋਸ਼ੀਆ ਦੀ ਸਜਾ ਮਾਫ ਕਰਨਾ ਦੇਸ਼ ਦੇ ਕਾਨੂੰਨ ਤੇ ਸੰਵਿਧਾਨ ਦੀ ਉਲੰਘਣਾ ਹੈ। ਵਕੀਲਾਂ ਦੀ ਜਥੇਬੰਦੀ ਨੇ ਦੇਸ਼ ਦੀ ਸਰਬ ਉੱਚ ਅਦਾਲਤ ਨੂੰ ਆਪਣੇ ਤੌਰ ਤੇ ਨੋਟਿਸ ਲੈਂਦੇ ਗੁਜਰਾਤ ਸਰਕਾਰ ਵੱਲੋਂ ਕੀਤੇ ਫੈਸਲੇ ਨੂੰ ਰੱਦ ਕੀਤਾ ਜਾਵੇ ,ਇਸ ਮੋਕੇ ਤੇ ਮਟਿੰਗ ਵਿੱਚ ਸਰਦਾਰ ਬਿਲਾਵਲ ਸਿੰਘ ਸੀਨੀਅਰ ਵਕੀਲ, ਸਰਦਾਰ ਅਮਰਜੀਤ ਸਿੰਘ ਲੋਗੀਆ, ਯਸ਼ਜੋਤ ਧਾਲੀਵਾਲ, ਪਰਮਜੀਤ ਸਿੰਘ ਖੰਨਾ, ਹਰਮਨ ਚਾਹਲ ਮਾਨਸਾ, ਰਜਿੰਦਰ ਸਿੰਘ ਰੂਨਾ ਰਾਜਪੁਰਾ, ਗੁਰਵਿੰਦਰ ਸਿੰਘ ਧੂਮਾ, ਰਾਜਵੀਰ ਸਿੰਘ ਮੁੰਦਰਾ ਡੇਰਾਬੱਸੀ ਹਾਜਰ ਹੋਏ।

# ਡਰੱਗ ਕੰਟਰੋਲ ਅਫਸਰ ਅਤੇ ਪੁਲਿਸ ਟੀਮ ਵਲੋਂ ਮੈਡੀਕਲ ਸਟੋਰਾਂ ਦੀ ਚੈਕਿੰਗ

**ਗੜ੍ਹਸ਼ੰਕਰ,**
**-ਰੋਜ਼ਾਨਾ ਸਵੇਰਾ-**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ.ਅਮਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਰੱਗ ਕੰਟਰੋਲ ਅਫਸਰ ਮਨਪ੍ਰੀਤ ਸਿੰਘ ਵੱਲੋਂ ਪੁਲਿਸ ਦੀ ਟੀਮ ਦੇ ਸਹਿਯੋਗ ਨਾਲ ਕਸਬਾ ਸਤਨੌਰ ਅਤੇ ਬਡੇਸਰੋਂ ਵਿਖੇ ਮੈਡੀਕਲ ਸਟੋਰਾਂ ਦੀ ਇੰਸਪੈਕਸ਼ਨ ( ਚੈਕਿਗ ) ਕੀਤੀ ਗਈ। ਇਸ ਦੌਰਾਨ ਕੁੱਝ ਮੈਡੀਕਲ ਸਟੋਰਾਂ ਦੇ ਮਾਲਕ ਆਪਣੀਆਂ ਦੁਕਾਨਾਂ ਦੇ ਸ਼ਟਰ ਬੰਦ ਕਰਕੇ ਉਥੋਂ ਰਫੂਚੱਕਰ ਹੋ ਗਏ। ਚੈਕਿੰਗ ਦੌਰਾਨ ਦੋ ਮੈਡੀਕਲ ਸਟੋਰਾਂ ਵਿੱਚ ਡਰੱਗ ਐਂਡ ਕਾਸਮੈਟਿਕ ਐਕਟ 1940 ਦੀ ਉਲੰਘਣਾ ਪਾਈ ਗਈ। ਇਸ ਮੌਕੇ ਦੋ ਤਰ੍ਹਾਂ ਦੀਆਂ ਸ਼ੱਕੀ ਦਵਾਈਆਂ ਦੇ ਸੈਂਪਲ ਵੀ ਲਏ ਗਏ ਹਨ।

ਡਰੱਗ ਕੰਟਰੋਲ ਅਫਸਰ ਸ੍ਰੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਇੰਸਪੈਕਸ਼ਨ ਵਿੱਚ ਕੀਤੀ ਗਈ ਕਾਰਵਾਈ ਉੱਚ ਅਧਿਕਾਰੀਆਂ ਨੂੰ ਅਗਲੇਰੀ ਕਾਰਵਾਈ ਲਈ ਭੇਜ ਦਿੱਤੀ



ਗਈ ਹੈ।

ਉਨਾਂ ਸਮੂਹ ਕੈਮਿਸਟਾਂ ਨੂੰ ਇਹ ਹਿਦਾਇਤ ਕੀਤੀ ਗਈ ਹੈ ਕਿ ਕੋਈ ਵੀ ਕੈਮਿਸਟ ਡਾਕਟਰ ਦੁਆਰਾ ਲਿਖੀ ਪਰਚੀ ਤੋਂ ਬਿਨਾਂ ਦਵਾਈ ਨਾ ਵੇਚੇ ਅਤੇ ਦਵਾਈਆਂ ਦੀ ਸੇਲ ਅਤੇ ਪਰਚੇਜ ਦੇ ਰਿਕਾਰਡ ਨੂੰ ਮੇਨਟੇਨ ਕਰ ਕੇ ਰੱਖਿਆ ਜਾਵੇ, ਹਰ ਕੈਮਿਸਟ ਸ਼ਾਪ ਤੇ ਸੀ ਸੀ ਟੀ ਵੀ ਕੈਮਰੇ ਲਗਾਉਣੇ ਯਕੀਨੀ ਬਣਾਏ ਜਾਣ।

# 'ਖੇਡਾਂ ਵਤਨ ਪੰਜਾਬ ਦੀਆਂ' ਲਈ ਰਜਿਸਟ੍ਰੇਸ਼ਨ ਮਿਤੀ ਤੱਕ ਵਧਾਈ-ਡੀ.ਸੀ.

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਖੇਡਾਂ ਵਤਨ ਪੰਜਾਬ ਦੀਆਂ ਲਈ ਖਿਡਾਰੀਆਂ ਦੇ ਉਤਸ਼ਾਹ ਨੂੰ ਦੇਖਦਿਆਂ ਇਨ੍ਹਾਂ ਖੇਡਾਂ 'ਚ ਹਿੱਸਾ ਲੈਣ ਲਈ ਪੰਜਾਬ ਸਰਕਾਰ ਨੇ ਰਜਿਸਟ੍ਰੇਸ਼ਨ ਲਈ ਆਖਰੀ ਮਿਤੀ ਹੁਣ ਤੱਕ ਵਧਾ ਦਿੱਤੀ ਹੈ, ਜੋ ਕਿ ਪਹਿਲਾਂ 25 ਅਗਸਤ ਸੀ। ਉਨ੍ਹਾਂ ਕਿਹਾ ਕਿ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਕੌਮੀ ਖੇਡ ਦਿਵਸ ਮੌਕੇ ਸ਼ੁਰੂ ਵਾਲੀਆਂ ਇਨ੍ਹਾਂ ਖੇਡਾਂ 'ਚ ਬਲਾਕ ਤੋਂ ਸੂਬਾ ਪੱਧਰ ਤੱਕ ਦੇ ਹਿੱਸਾ ਲੈਣ ਦੇ ਚਾਹਵਾਨ ਖਿਡਾਰੀ ਤੱਕ ਆਨਲਾਈਨ ਪੋਰਟਲ ਿਵਵਬਤ:// ਮਮਮ.ਬਚਅਹ ਉਤੇ ਜਾ ਕੇ ਰਜਿਸਟ੍ਰੇਸ਼ਨ ਕਰਵਾਉਣ ਤੋਂ ਇਲਾਵਾ ਖਿਡਾਰੀ ਜ਼ਿਲ੍ਹਾ ਖੇਡ ਅਫ਼ਸਰ ਪਟਿਆਲਾ ਦੇ ਦਫ਼ਤਰ 'ਚ ਜਾ ਕੇ ਵੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਖਿਡਾਰੀਆਂ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਹੁਣ ਤੱਕ ਜ਼ਿਲ੍ਹੇ ਅੰਦਰ ਕੁੱਲ 3300 ਖਿਡਾਰੀਆਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ, ਜਿਸ ਵਿੱਚੋਂ 1500 ਨੇ ਆਨਲਾਈਨ ਅਤੇ 1800 ਖਿਡਾਰੀਆਂ ਨੇ ਆਫ਼ਲਾਈਨ ਰਜਿਸਟ੍ਰੇਸ਼ਨ ਕਰਵਾਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਖਿਡਾਰੀ ਨੂੰ ਕੋਈ ਦਿੱਕਤ ਆਉਂਦੀਹੈ ਤਾਂ ਉਹ ਖੇਡ ਵਿਭਾਗ ਦੇ ਦਫ਼ਤਰ ਵਿਖੇ ਜਾ ਕੇ ਵਿਭਾਗ ਦੀ ਮਦਦ ਨਾਲ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

ਸਾਕਸ਼ੀ ਸਾਹਨੀ ਨੇ ਜ਼ਿਲ੍ਹੇ ਦੇ ਵਿਦਿਆਰਥੀਆਂ, ਨੌਜਵਾਨਾਂ ਤੇ ਸਮੂਹ ਖਿਡਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਦੇਖ-ਰੇਖ ਹੇਠ ਤੋਂ ਕਰਵਾਈਆਂ ਜਾਣ ਵਾਲੀਆਂ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਅੰਦਰ ਵੀ ਇਹ ਖੇਡਾਂ ਕਰਵਾਉਣ ਲਈ ਟੀਮ ਪਟਿਆਲਾ ਵੱਲੋਂ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ 31 ਅਗਸਤ ਤੋਂ 7 ਸਤੰਬਰ ਤੱਕ ਇੱਥੇ ਬਲਾਕ ਪੱਧਰ 'ਤੇ ਅਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ, ਰੱਸਾਕਸੀ ਅਤੇ ਵਾਲੀਬਾਲ ਦੇ ਮੁਕਾਬਲੇ ਕਰਵਾਏ ਜਾਣਗੇ।

ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰੀ ਬਲਾਕ ਦੀਆਂ ਖੇਡਾਂ ਪੋਲੋ ਗਰਾਂਉਂਡ ਵਿਖੇ, ਨਾਭਾ ਦੀਆਂ ਰਿਪੁਦਮਨ ਕਾਲਜ, ਪਾਤੜਾਂ ਦੀਆਂ ਖੇਡ ਸਟੇਡੀਅਮ ਘੱਗਾ, ਸ਼ੰਭੂ ਦੀਆਂ ਕਪੂਰੀ ਸਕੂਲ ਵਿਖੇ, ਭੁਨਰਹੇੜੀ ਬਲਾਕ ਦੀਆਂ ਖੇਡਾਂ ਸ਼ਹੀਦ ਊਧਮ ਸਿੰਘ ਸਟੇਡੀਅਮ ਭੁਨਰਹੇੜੀ ਅਤੇ ਨਵੋਦਿਆ ਵਿਦਿਆਲਿਆ ਫ਼ਤਹਿਪੁਰ ਰਾਜਪੂਤਾਂ ਵਿਖੇ ਕਰਵਾਈਆਂ ਜਾਣਗੀਆਂ।

ਇਸ ਤੋਂ ਬਿਨ੍ਹਾਂ ਸਮਾਣਾ ਬਲਾਕ ਦੀਆਂ ਪਬਲਿਕ ਕਾਲਜ ਤੇ ਬੁੱਢਾ ਦਲ ਪਬਲਿਕ ਸਕੂਲ ਸਮਾਣਾ ਵਿਖੇ, ਪਟਿਆਲਾ ਦਿਹਾਤੀ ਦੀਆਂ ਫ਼ਿਜੀਕਲ ਕਾਲਜ, ਰਾਜਪੁਰਾ ਦੀਆਂ ਨੀਲਪੁਰ ਸਟੇਡੀਅਮ, ਘਨੌਰ ਦੀਆਂ ਲਾਛੜੂ ਵਿਖੇ ਅਤੇ ਸਨੌਰ ਦੀਆਂ ਸ਼ਹੀਦ ਊਧਮ ਸਿੰਘ ਸਟੇਡੀਅਮ ਸਨੌਰ ਵਿਖੇ ਖੇਡਾਂ ਕਰਵਾਈਆਂ ਜਾਣਗੀਆਂ।



ਪਟਿਆਲਾ ਜ਼ਿਲ੍ਹੇ ਦੇ ਖਿਡਾਰੀ ਖੇਡਾਂ ਵਤਨ ਪੰਜਾਬ ਦੀਆਂ ਲਈ ਤਿਆਰੀਆਂ ਕਰਦੇ ਹੋਏ।

# 7ਵਾਂ ਪੇ-ਕਮੀਸ਼ਨ ਲਾਗੂ ਨਾ ਹੋਣ ਕਾਰਨ ਧਰਨਾ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਸਟੇਟ ਯੂਨੀਅਨ ਸਰਕਾਰੀ ਕਾਲਜ ਟੀਚਰ ਐਸੋਸੀਏਸ਼ਨ ਦੇ ਸੱਦੇ 'ਤੇ ਅੱਜ ਸਰਕਾਰੀ ਕਾਲਜ ਲੜਕੀਆਂ ਪਟਿਆਲਾ ਦੇ ਸਮੂਹ ਪ੍ਰੋਫ਼ੈਸਰ ਸਾਹਿਬਾਨ ਵਲੋਂ ਸਵੇਰੇ 11ਵਜੇ ਤੋਂ ਦੁਪਹਿਰ 1ਵਜੇ ਤੱਕ ਧਰਨਾ ਦਿੱਤਾ। ਯੂਨੀਅਨ ਦੇ ਪ੍ਰਧਾਨ ਡਾ ਬਲਵਿੰਦਰ ਕੌਰ ਨੇ ਦੱਸਿਆ ਕਿ ਦੇਸ਼ ਦੇ ਸਾਰੇ ਸੂਬਿਆਂ ਵਿਚ 7ਵਾਂ ਪੇ-ਕਮੀਸ਼ਨ ਲਾਗੂ ਹੋ ਚੁੱਕਾ ਹੈ, ਪਰ ਪੰਜਾਬ ਸਰਕਾਰ ਇਸ ਨੂੰ ਲਾਗੂ ਨਾ ਕਰ ਕੇ ਪੰਜਾਬ ਦੇ ਪ੍ਰੋਫ਼ੈਸਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।

ਉਹਨਾਂ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ 7ਵਾਂ ਪੇ-ਕਮੀਸ਼ਨ ਜਲਦੀ ਲਾਗੂ ਨਾ ਕੀਤਾ ਤਾਂ ਐਸੋਸੀਏਸ਼ਨ ਸੰਘਰਸ਼ ਤਿੱਖਾ ਕਰਨ ਲਈ ਮਜ਼ਬੂਰ ਹੋਵੇ ਗੀ। ਇਸ ਧਰਨੇ ਵਿੱਚ ਕਾਲਜ ਦੇ ਸਮੂਹ ਪ੍ਰੋਫ਼ੈਸਰ ਸਾਹਿਬਾਨ ਹਾਜ਼ਰ ਸਨ।

# ਪੈਰਾਮਾਊਂਟ ਸਕੂਲ ਦੇ ਬੱਚਿਆਂ ਨੇ ਰੱਸਾ-ਕੱਸੀ ਦੇ ਜੋਨਲ ਮੁਕਾਬਲਿਆਂ ਵਿੱਚ ਮਾਰੀ ਬਾਜ਼ੀ

**ਲਹਿਰਾਗਾਗਾ,**
**-ਰੋਜ਼ਾਨਾ ਸਵੇਰਾ-**

67ਵੀਆਂ ਪੰਜਾਬ ਸਕੂਲ ਖੇਡਾਂ ਦੇ ਜੋਨ ਪੱਧਰੀ ਰੱਸਾ-ਕੱਸੀ ਦੇ ਮੁਕਾਬਲੇ ਸਰਕਾਰੀ ਹਾਈ ਸਕੂਲ,



ਬਖੋਰਾ ਕਲਾਂ ਵਿਖੇ ਆਯੋਜਿਤ ਕੀਤੇ ਗਏ। ਜਿਸ ਵਿੱਚ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਪੈਰਾਮਾਊਂਟ ਪਬਲਿਕ ਸਕੂਲ, ਲਹਿਰਾ ਦੇ ਅੰਡਰ-14,17 ਲੜਕੇ ਅਤੇ ਅੰਡਰ-14 ਲੜਕੀਆਂ ਵੱਲੋਂ ਭਾਗ ਲਿਆ ਗਿਆ। ਜਿਸ ਵਿੱਚ ਅੰਡਰ-14 ਲੜਕਿਆਂ ਨੇ ਗੋਲਡ ਮੈਡਲ ਅਤੇ ਅੰਡਰ-14 ਲੜਕੀਆਂ ਦੀ ਟੀਮ ਨੇ ਸਿਲਵਰ ਮੈਡਲ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਅਤੇ ਆਪਣੀ ਚੋਣ ਜ਼ਿਲ੍ਹਾ ਪੱਧਰੀ ਖੇਡਾਂ ਲਈ ਕਰਵਾਈ। ਇਸ ਮੌਕੇ ਸਕੂਲ ਪਹੁੰਚਣ ਤੇ ਸੰਸਥਾ ਦੇ ਐੱਮ.ਡੀ. ਜਸਵੀਰ ਸਿੰਘ ਚੀਮਾ ਵੱਲੋਂ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਗਈ।ਇਸ ਮੌਕੇ ਸਕੂਲ ਦੇ ਪ੍ਰਿੰ. ਡਾ. ਅਰਵਿੰਦ ਕੁਮਾਰ ਸ਼ਰਮਾ, ਵਾਇਸ ਪ੍ਰਿੰ. ਅੰਕਿਤ ਕਾਲੜਾ, ਮੈਡਮ ਕਿਰਨਪਾਲ ਕੌਰ, ਗੁਰਪ੍ਰੀਤ ਕੌਰ, ਸ. ਨੈਬ ਸਿੰਘ, ਗੁਰਵਿੰਦਰ ਖਰੌੜ, ਕੋਚ ਰੋਮਨ ਸੇਨ ਅਤੇ ਬਸਪ੍ਰੀਤ ਕੌਰ ਵੀ ਹਾਜ਼ਰ ਸਨ।



## ਦਫਤਰ ਨਗਰ ਪੰਚਾਇਤ, ਭੀਖੀ (ਜਿਲ੍ਹਾ ਮਾਨਸਾ)

ਪੱਤਰ ਨੰ. 848

**ਇਸ਼ਤਿਹਾਰ**

☛ ਦਫਤਰ ਨਗਰ ਪੰਚਾਇਤ, ਭੀਖੀ ਵੱਲੋਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਰਸਾਤਾ ਦਾ ਮੌਸਮ ਹੋਣ ਕਰਕੇ ਕੁਝ ਜਰੂਰੀ ਗੱਲਾਂ ਦਾ ਧਿਆਨ ਰੱਖਣ ਹਿੱਤ ਕਿਉਕਿ ਬਰਸਾਤਾ ਦੇ ਦਿਨਾ ਵਿੱਚ ਡੇਗੂ ਬੁਖਾਰ ਫੈਲਦਾ ਹੈ। ਇਸ ਲਈ ਆਪਣੇ ਘਰਾ ਦੇ ਆਲੇ-ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ, ਪਾਣੀ ਭਰੇ ਭਾਡਿਆ ਨੂੰ ਚੀਗੀ ਤਰ੍ਹਾ ਢੱਕ ਕੇ ਰੱਖੋ, ਡੇਗੂ ਬੁਖਾਰ ਫੈਲਾਉਣ ਵਾਲਾ ਮੱਛਰ ਸਵੇਰ ਅਤੇ ਸ਼ਾਮ ਵੇਲੇ ਕੱਟਦਾ ਹੈ, ਸਵੇਰੇ-ਸ਼ਾਮ ਅਜਿਹੇ ਕੱਪੜੇ ਪਹਿਨੋ ਜਿਨਾ ਨਾਲ ਪੂਰਾ ਸਰੀਰ ਢੱਕਿਆ ਰਹੇ। ਤੇਜ ਬੁਖਾਰ ਹੋਣ ਦੀ ਸੂਰਤ ਵਿੱਚ ਤਰੁੰਤ ਸਰਕਾਰ ਵਲੋਂ ਪ੍ਰਵਾਨਤ/ਲੈਬੋਰੇਟਰੀ/ਸਿਹਤ ਕੇਂਦਰਾਂ ਤੋ ਪੂਰੀ-ਪੂਰੀ ਜਾਂਚ ਪੜਤਾਲ ਕਰਵਾ ਕੇ ਹੀ ਇਲਾਜ/ਦਵਾਈ ਲਵੋ।

☛ ਸਰਕਾਰ ਵੱਲੋਂ ਸਵੱਛ ਭਾਰਤ ਮੁਹਿੰਮ ਅਧੀਨ ਆਪਣੇ-2 ਸ਼ਹਿਰਾਂ ਨੂੰ ਸਾਫ ਸੁਥਰਾ ਰੱਖਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲਈ ਆਪਣੇ ਘਰਾਂ ਵਿੱਚ ਨੀਲੇ ਰੰਗ ਅਤੇ ਹਰੇ ਰੰਗ ਦੇ ਦੋ ਡਸਟਬੀਨ ਲਗਾ ਕੇ ਕੂੜੇ ਨੂੰ ਸੈਗਰੀਗੇਸ਼ਨ ਕਰਕੇ ਅਲੱਗ-ਅਲੱਗ ਕੀਤਾ ਜਾਵੇ। ਹਰੇ ਰੰਗ ਦੇ ਡਸਟਬੀਨ ਵਿੱਚ ਗਿੱਲਾ ਕੂੜਾ ਜਿਵੇਂ ਕਿ ਸਬਜੀਆ ਅਤੇ ਫਲਾ ਦੇ ਪੱਤੇ ਆਦ ਅਤੇ ਨੀਲੇ ਰੰਗ ਦੇ ਡਸਟਬੀਨ ਵਿੱਚ ਸੁੱਕਾ ਕੂੜਾ ਜਿਵੇ ਪਲਾਸਟਿਕ, ਪਾਲੀਥੀਨ, ਮੱਗ ਆਦ ਵਿੱਚ ਪਾਉਣ ਉਪਰੰਤ ਨਗਰ ਪੰਚਾਇਤ ਭੀਖੀ ਵੱਲੋਂ ਕੂੜੇ ਨੂੰ ਚੁੱਕਣ ਲਈ ਲਗਾਈਆ ਗਈਆਂ ਡੋਰ-ਟੂ-ਡੋਰ ਰੇਹੜੀਆਂ ਵਿਚ ਪਾਇਆ ਜਾਵੇ। ਪਲਾਸਟਿਕ ਦੇ ਲਿਫਾਫਿਆ ਦੀ ਵਰਤੋ ਨਾ ਕੀਤੀ ਜਾਵੇ ਸਗੋਂ ਘਰਾ ਵਿੱਚ ਬਣੇ ਥੈਲੇ ਦੀ ਵਰਤੋ ਕੀਤੀ ਜਾਵੇ।

ਸਹੀ/-
ਕਾਰਜ ਸਾਧਕ ਅਫ਼ਸਰ
ਨਗਰ ਪੰਚਾਇਤ,ਭੀਖੀ

# ਸ਼ਮਸ਼ੇਰ ਸਿੰਘ ਨੇ ਮਕੋੜਾ ਪੱਤਣ ਤੋ ਪਾਰ ਵੱਸਦੇ ਪਿੰਡਾਂ ਦੇ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ



**ਦੀਨਾਨਗਰ,**
**-ਰੋਜ਼ਾਨਾ ਸਵੇਰਾ-**

ਵਿਧਾਨ ਸਭਾ ਹਲਕਾ ਦੀਨਾਨਗਰ ਤੋਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਜਿੱਥੇ ਆਪਣੇ ਦਫ਼ਤਰ ਅਬੱਲਖ਼ੈਰ ਵਿੱਖੇ ਹਰ ਰੋਜ਼ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਮੌਕੇ ਤੇ ਨਿਪਟਾਰਾ ਕੀਤਾ ਜਾ ਰਿਹਾ ਹੈ ਉਥੇ ਹੀ ਅੱਜ ਰਾਵੀ ਦਰਿਆ ਤੋਂ ਪਾਰ ਵਸਦੇ ਪਿੰਡਾਂ ਦਾ ਹਾਲ ਜਾਨਣ ਲਈ ਸ਼ਮਸ਼ੇਰ ਸਿੰਘ ਬੇੜੀ ਦੇ ਰਸਤੇ ਹੋ ਕੇ ਪਾਰ ਵਸਦੇ ਲੋਕਾਂ ਵਿੱਚ ਪਹੁੰਚੇ ।

ਇਸ ਮੌਕੇ ਤੇ ਸੰਬੋਧਨ ਕਰਦਿਆਂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਰਾਵੀ ਦਰਿਆ ਤੋਂ ਪਾਰ ਵਸਦੇ ਪਿੰਡਾਂ ਦੇ ਲੋਕਾਂ ਨੂੰ ਕੋਈ ਮੁਸ਼ਕਿਲ ਨਹੀਂ ਆਵੇਗੀ ਅਤੇ ਰਾਵੀ ਦਰਿਆ ਤੋਂ ਪਾਰ ਬਣਨ ਵਾਲਾ ਪੱਕਾ ਪੁਲ ਮਨਜ਼ੂਰ ਹੋ ਚੁੱਕਾ ਹੈ ਅਤੇ ਜਲਦ ਇਸਦੀ ਉਸਾਰੀ ਸ਼ੁਰੂ ਹੋ ਜਾਵੇਗੀ, ਜਿਸ ਨਾਲ ਰਾਵੀ ਤੋ ਪਾਰ ਵਸਦੇ 7 ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਇਸ ਮੌਕੇ ਤੇ ਪਿੰਡ ਦੇ ਲੋਕਾਂ ਨੇ ਹਲਕਾ ਇੰਚਾਰਜ ਦੇ ਧਿਆਨ ਵਿੱਚ , ਰਾਵੀ ਦਰਿਆ ਦੇ ਪਾਣੀ ਨਾਲ ਲੱਗ ਰਹੀ ਢਾਅ, ਸਕੂਲ ਅਪਗਰੇਡ ਕਰਨ ਸਬੰਧੀ, ਵਾਟਰ ਸਪਲਾਈ ਦੇ ਚੱਲ ਰਹੇ ਕੰਮ ਨੂੰ ਜਲਦ ਨੇਪਰੇ ਚਾੜ੍ਹਨ ਆਦਿ ਮੁਸ਼ਕਿਲਾਂ ਦੱਸੀਆਂ।

ਜਿਸ ਨੂੰ ਮੌਕੇ ਤੇ ਸਬੰਧਤ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਅਤੇ ਲੋਕਾਂ ਨੂੰ ਭਰੋਸਾ ਦੁਆਇਆ ਗਿਆ ਕਿ ਇਹ ਕੰਮ ਜਲਦ ਪੂਰੇ ਕੀਤੇ ਜਾਣਗੇ । ਇਸ ਮੌਕੇ ਉਨ੍ਹਾਂ ਬੀ ਐਸ ਐਫ ਅਧਿਕਾਰੀਆਂ ਤੋਂ ਇਲਾਵਾ ਕਵਲਜੀਤ ਸਿੰਘ ਪੰਚਾਇਤ ਸੈਕਟਰੀ, ਵਿਸ਼ਾਲ ਅੱਤਰੀ ਜੇਈ ਨਹਿਰੀ ਵਿਭਾਗ , ਅਸ਼ੋਕ ਕੁਮਾਰ ਐਸ ਡੀ ਓ ਮੰਡੀ ਬੋਰਡ, ਰੂਪ ਸਿੰਘ ਸਾਬਕਾ ਸਰਪੰਚ ਪਰਯਾਲ, ਸਰਪੰਚ ਧੂਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਲੋਕ ਹਾਜਿਰ ਸਨ।

# 762 ਪ੍ਰਭਾਵਿਤ ਔਰਤਾਂ ਨੂੰ ਦਿੱਤੀ ਜਾ ਚੁੱਕੀ ਹੈ ਸਹਾਇਤਾ

**ਤਰਨ ਤਾਰਨ,**
**-ਰੋਜ਼ਾਨਾ ਸਵੇਰਾ-**

ਤਰਨਤਾਰਨ ਦਾ ਸਖੀ ਵਨ ਸਟਾਪ ਸੈਂਟਰ ਜ਼ਿਲ੍ਹੇ ਦੀਆਂ ਪੀੜਤ ਔਰਤਾਂ ਲਈ ਵਰਦਾਨ ਸਿੱਧ ਹੋਇਆ ਹੈ। ਇਸ ਸੈਂਟਰ ਵੱਲੋਂ ਹੁਣ ਤੱਕ ਹਿੰਸਾ ਨਾਲ ਪ੍ਰਭਾਵਿਤ ਔਰਤਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ ਗਈ। ਕੇਂਦਰ ਦੀ ਪ੍ਰਬੰਧਕ ਅਨੀਤਾ ਕੁਮਾਰੀ ਨੇ ਦੱਸਿਆ ਕਿ ਕੇਂਦਰ ਦਾ ਮੁੱਖ ਉਦੇਸ਼ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨਾ ਹੈ। ਸਖੀ ਵਨ ਸਟੌਪ ਸੈਂਟਰ ਵੱਲੋਂ ਹੁਣ ਤੱਕ ਹਿੰਸਾ ਨਾਲ ਪ੍ਰਭਾਵਿਤ ਔਰਤਾਂ ਦੇ 762 ਕੇਸ ਦਰਜ ਹੋ ਚੁੱਕੇ ਹਨ ਅਤੇ ਉਨ੍ਹਾ ਨੂੰ ਡਾਕਟਰੀ , ਕਾਨੂੰਨੀ , ਪੁਲਿਸ ਅਤੇ ਕੌਂਸ਼ਲਿੰਗ ਦੀ ਸਹਾਇਤਾ ਦਿੱਤੀ ਜਾ ਚੁੱਕੀ ਹੈ।

ਸਖੀ ਵਨ ਸਟੌਪ ਸੈਂਟਰ ਦਾ ਉਦੇਸ਼ ਪ੍ਰਾਈਵੇਟ ਅਤੇ ਜਨਤਕ ਥਾਵਾਂ ਤੇ ਪਰਿਵਾਰਕ, ਕਮਿਊਨਿਟੀ ਅਤੇ ਕੰਮ ਦੇ ਸਥਾਨਾ ਤੇ ਹਿੰਸਾ ਦੁਆਰਾ ਪ੍ਰਭਾਵਿਤ ਔਰਤਾਂ ਨੂੰ ਉਨ੍ਹਾ ਦੇ ਹੱਕਾਂ ਲਈ ਜਾਗਰੂਕ ਕਰਨਾ ਅਤੇ ਨਿਆਂ ਦਿਵਾਉਣਾ ਹੈ।

ਸਖੀ ਵਨ ਸਟੌਪ ਸੈਂਟਰ ਵੱਲੋਂ ਹਿੰਸਾ ਦੁਆਰਾ ਪ੍ਰਭਾਵਿਤ ਔਰਤਾਂ ਜੋ ਸਰੀਰਕ, ਭਾਵਨਾਤਮਕ, ਮਨੋਵਿਗਿਆਨਕ ਅਤੇ ਆਰਥਿਕ ਸ਼ੋਸ਼ਣ ਦਾ ਸਾਹਮਣਾ ਕਰ ਰਹੀਆ ਹਨ, ਉਨ੍ਹਾਂ ਦੀ ਉਮਰ ਦੀ ਪ੍ਰਵਾਹ ਕੀਤੇ ਬਿਨ੍ਹਾ ਹਿੰਸਾ ਪ੍ਰਭਾਵਿਤ ਔਰਤਾਂ ਨੂੰ ਇਕ ਹੀ ਛੱਤ ਥੱਲੇ ਸਾਰੀਆਂ ਸਹੂਲਤਾਂ ਮੁਫਤ ਪ੍ਰਦਾਨ ਕੀਤੀਆ ਜਾਂਦੀਆ ਹਨ।

ਪ੍ਰਦਾਨ ਕੀਤੀਆ ਜਾਣ ਵਾਲੀਆਂ ਸਹੂਲਤਾਵਾਂ ਵਿਚ ਐਮਰਜੈਂਸੀ ਸਹਾਇਤਾ, ਮੈਡੀਕਲ ਸਹਾਇਤਾ, ਕਾਨੂੰਨੀ ਸਹਾਇਤਾ, ਮਨੋਚਕਿਸਤਿਕ ਕੌਂਸਲਿੰਗ ਅਤੇ ਮੁਫਤ ਠਹਿਰਾਅ ਦੀਆਂ ਸਹੂਲਤਾਂ ਪੀੜਿਤ ਮਹਿਲਾਵਾਂ ਨੂੰ ਮੁਫਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਪੀੜਿਤ ਮਹਿਲਾਵਾਂ ਇਹ ਸਹੂਲਤਾਂ ਪ੍ਰਾਪਤ ਕਰਨ ਵਾਸਤੇ ਦਫਤਰ ਸਖੀ ਵਨ ਸਟੌਪ ਸੈਂਟਰ ਤਰਨ ਤਾਰਨ ਨਾਲ ਸੰਪਰਕ ਕਰਕੇ ਆਪਣੇ ਜੀਵਨ ਨੂੰ ਸੁਰੱਖਿਅਤ ਅਤੇ ਖੁਸ਼ਹਾਲ ਬਣਾ ਸਕਦੀਆਂ ਹਨ।

# ਮੁਕੱਦਮੇ 'ਚ ਨਾਮਜ਼ਦ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਨੂੰ ਲੈਕੇ ਥਾਣੇ ਮੂਹਰੇ ਅਣਮਿੱਥੇ ਸਮੇਂ ਲਈ ਲਾਇਆ ਧਰਨਾ ਦੂਜੇ ਦਿਨ ਵੀ ਜਾਰੀ



ਧੂਰੀ-ਸੰਗਰੂਰ ਮੁੱਖ ਮਾਰਗ ਜਾਮ ਕਰਕੇ ਰੋਸ ਜਾਹਿਰ ਕਰਦੇ ਪ੍ਰਦਰਸ਼ਨਕਾਰੀ

**ਧੂਰੀ,**
**-ਰੋਜ਼ਾਨਾ ਸਵੇਰਾ-**

ਨੇੜਲੇ ਪਿੰਡ ਕੁੰਭੜਵਾਲ ਦੇ ਨਗਰ ਨਿਵਾਸੀਆਂ ਵੱਲੋਂ ਪਿੰਡ ਦੇ ਸ਼ਾਦੀਸ਼ੁਦਾ ਨੌਜਵਾਨ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕਰਨ ਦੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਨੂੰ ਲੈ ਕੇ ਜਿੱਥੇ ਥਾਣਾ ਸਦਰ ਧੂਰੀ ਅੱਗੇ ਲਗਾਇਆ ਧਰਨਾ ਦੂਜੇ ਦਿਨ ਵੀ ਜਾਰੀ ਰਿਹਾ, ਉੱਥੇ ਹੀ ਪ੍ਰਦਰਸ਼ਨਕਾਰੀਆਂ ਵੱਲੋਂ ਅੱਜ ਮੁੜ ਤੋਂ ਧੂਰੀ-ਸੰਗਰੂਰ 'ਤੇ ਚੱਕਾ ਜਾਮ ਕਰਕੇ ਰੋਸ ਮੁਜ਼ਾਹਰਾ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਦੱਸਿਆ ਕਿ ਲੰਘੀ ਪਿੰਡ ਕੁੰਭੜਵਾਲ ਦਾ ਨੌਜਵਾਨ ਮਨਪ੍ਰੀਤ ਸਿੰਘ (26) ਪੁੱਤਰ ਕਰਨੈਲ ਸਿੰਘ ਧਨੌਲਾ ਨੇੜਲੇ ਪਿੰਡ ਕੋਠੇ ਗੋਬਿੰਦਪੁਰਾ ਵਿਖੇ ਵਿਆਹਿਆ ਹੋਇਆ ਸੀ ਅਤੇ ਆਪਣੀ ਪਤਨੀ ਤੇ ਸਹੁਰੇ ਪਰਿਵਾਰ ਵੱਲੋਂ ਪਰੇਸ਼ਾਨ ਕੀਤੇ ਜਾਣ ਕਾਰਨ ਉਸ ਨੇ ਆਤਮ ਹੱਤਿਆ ਕਰ ਲਈ ਸੀ।

ਜਿਸ ਸੰਬੰਧੀ ਥਾਣਾ ਸਦਰ ਧੂਰੀ ਅਧੀਨ ਆਉਂਦੀਰਣੀਕੇ ਚੌਂਕੀ ਵਿਖੇ ਲੰਘੀ 28 ਜੁਲਾਈ ਨੂੰ ਮੁਕੱਦਮਾ ਨੰਬਰ 155 ਜ਼ੇਰੇ ਧਾਰਾ 306 ਦਰਜ਼ ਕਰਵਾਇਆ ਗਿਆ ਸੀ ਅਤੇ ਪੁਲਸ ਵੱਲੋਂ ਮੁਕੱਦਮੇ ਵਿਚ ਨਾਮਜ਼ਦ ਮੁਲਜ਼ਮਾਂ ਨੂੰ ਹਿਰਾਸਤ ਵਿਚ ਲਿਆ ਸੀ, ਪਰ ਸਿਆਸੀ ਦਬਾਅ ਕਾਰਨ ਪੁਲਸ ਵੱਲੋਂ ਮੁਲਜਮ ਛੱਡ ਦਿੱਤੇ ਗਏ ਸੀ। ਉਨ੍ਹਾਂ ਕਿਹਾ ਕਿ ਕੱਲ੍ਹ ਤੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਤੋਂ ਬਾਅਦ ਪੁਲਸ ਵੱਲੋਂ ਚਾਰ ਵਿਚੋਂ 2 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਪ੍ਰੰਤੂ ਜਦੋਂ ਤੱਕ ਸਾਰੇ ਮੁਲਜਮਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਧਰਨੇ ਦੌਰਾਨ ਪੁੱਜੇ ਡੀ.ਐਸ.ਪੀ ਧੂਰੀ ਯੋਗੇਸ਼ ਸ਼ਰਮਾ ਨੇ ਪ੍ਰਦਰਸ਼ਨਕਾਰੀਆਂ ਨੂੰ ਭਰੋਸਾ ਦਿਵਾਇਆ ਗਿਆ ਕਿ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਬਾਕੀ ਦੋ ਮੁਲਜ਼ਮਾਂ ਨੂੰ ਵੀ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

ਇਸ ਭਰੋਸੇ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਵੱਲੋਂ ਭਾਵੇਂ ਟ੍ਰੈਫਿਕ ਬਹਾਲ ਕਰ ਦਿੱਤਾ ਗਿਆ, ਪ੍ਰੰਤੂ ਥਾਣਾ ਸਦਰ ਧੂਰੀ ਅੱਗੇ ਰੋਸ ਪ੍ਰਦਰਸ਼ਨ ਜਾਰੀ ਰੱਖਿਆ। ਧਰਨੇ ਦੌਰਾਨ ਮਨਪ੍ਰੀਤ ਸਿੰਘ, ਜੋਗਿੰਦਰ ਸਿੰਘ ਖਾਲਸਾ, ਜਸਵਿੰਦਰ ਕੌਰ ਖਾਲਸਾ ਸਮੇਤ ਵੱਡੀ ਗਿਣਤੀ 'ਚ ਪਿੰਡ ਕੁੰਭੜਵਾਲ ਨਿਵਾਸੀ ਹਾਜ਼ਰ ਸਨ।

# 8 ਸਤੰਬਰ ਨੂੰ ਐੱਸ ਡੀ ਐੱਮ ਪੱਟੀ ਦਫ਼ਤਰ ਅੱਗੇ ਇਕੱਠ ਕਰਕੇ ਹੋਵੇਗਾ ਤਿੱਖੇ ਸੰਘਰਸ਼ ਦਾ ਐਲਾਨ



**ਹਰੀਕੇ ਪੱਤਣ,**
**-ਰੋਜ਼ਾਨਾ ਸਵੇਰਾ-**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਪੱਟੀ ਜੋਨ ਦੀ ਮੀਟਿੰਗ ਪੱਟੀ ਸਹਿਰ ਦੇ ਗੁਰਦੁਆਰਾ ਬੀਬੀ ਰਜਨੀ ਜੀ ਦੇ ਸਥਾਨਾ ਤੇ ਸਵਰਣ ਸਿੰਘ ਹਰੀਕੇ, ਰੂਪ ਸਿੰਘ ਸੈਦੋ,ਗੁਰਜੰਟ ਸਿੰਘ ਭੱਗੂਪੁਰ,ਹਰਵਿੰਦਰ ਸਿੰਘ ਆਸਲ,ਨਿਸ਼ਾਨ ਸਿੰਘ ਪੱਟੀ ਦੀ ਅਗਵਾਈ ਹੇਠ ਹੋਈ ਮੀਟਿੰਗ ਤੋ ਬਾਅਦ ਪੱਟੀ ਦੀ ਵੇਰਕਾ ਡੇਅਰੀ ਤੇ ਅਮ੍ਰਿੰਤਸਰ ਪੱਟੀ ਰੋਡ ਜਾਮ ਕਰਕੇ ਕੇਂਦਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਜੰਮ ਕੇ ਨਆਰੇਬਾਜੀ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆ ਜਿਲ੍ਹਾ ਆਗੂ *ਹਰਜਿੰਦਰ ਸਿੰਘ ਸ਼ਕਰੀ ਗੁਰਭੇਜ ਸਿੰਘ ਧਾਰੀਵਾਲ ,ਤਰਸੇਮ ਸਿੰਘ ਧਾਰੀਵਾਲ* ਨੇ ਦੱਸਿਆ ਕੇ ਕੇਂਦਰ ਸਰਕਾਰ ਵੱਲੋ ਕਿਸਾਨਾ ਮਜ਼ਦੂਰਾਂ ਖਿਲਾਫ ਨਵੇ ਤੋ ਨਵੇ ਕਨੂੰਨ ਬਣਾਏ ਜਾ ਰਹੇ ਹਨ ਕੇਂਦਰ ਸਰਕਾਰ ਵੱਲੋ ਬਿਜਲੀ ਸੋਧ ਬਿੱਲ ਪਾਰਲੀਮੈਂਟ ਵਿੱਚ ਲੈ ਕੇ ਆਉਣਾ,ਸਰਕਾਰੀ ਅਧਾਰਿਆ ਨੂੰ ਕਾਰਪੋਰੇਟ ਜਗਤ ਦੇ ਹੱਥਾ ਵਿੱਚ ਦੇਣਾ,ਅਤੇ ਕਾਰਪੋਰੇਟ ਘਰਾਣਿਆ ਦਾ ਕਰਜਾ ਮੁਆਫ ਕਰਨਾ,ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋ ਸੂਬਿਆ ਦੇ ਹੱਕ ਖੋਹਣਾ,ਅੰਦੋਲਨ ਦੌਰਾਨ ਮੰਨੀਆ ਹੋਈਆ ਮੰਗਾ ਲਾਗੂ ਨਾ ਕਰਨਾ,ਸਾਰੀਆ ਫਸਲਾ ਤੇ ਸਰਕਾਰੀ ਖਰੀਦ ਦਾ ਕਨੂੰਨ ਬਣਾਉਣ ਤੋ ਪਾਸਾ ਵੱਟਣਾ,ਫੈਕਟਰੀਆ ਵੱਲੋ ਪਾਣੀ ਖਰਾਬ ਕਰਕੇ ਧਰਤੀ ਵਿੱਚ ਭੇਜਣ ਵਾਲੀਆ ਫੈਕਟਰੀਆ ਬੰਦ ਕਰਕੇ ਮਾਲਕਾ ਵਿਰੁੱਧ ਕਾਰਵਾਈ ਦੀ ਮੰਗ ਕਰਦਿਆ ਕਿਸਾਨ ਆਗੂ *ਹਰਜਿੰਦਰ ਸਿੰਘ ਪੱਟੀ ਜਰਨੈਲ ਸਿੰਘ ਠੱਕਰਪੁਰਾ* ਨੇ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆ ਕਿਹਾ ਕੇ ਕੇਂਦਰ ਸਰਕਾਰ ਆਪਣੀ ਮਰਜੀ ਨਾਲ ਕਿਸਾਨਾ ਮਜ਼ਦੂਰਾ ਤੇ ਧੱਕੇ ਨਾਲ ਕਨੂੰਨ ਬਣਾ ਰਹੀ ਹੈ ਪਰ ਇਸ ਤੇ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦਾ ਸਾਥ ਦੇ ਰਹੀ ਹੈ ਅਤੇ ਪੰਜਾਬ ਸਰਕਾਰ ਲੋਕਾ ਨਾਲ ਕੀਤੇ ਵਆਦੇ ਪੂਰੇ ਕਰਨ ਵਿਚ ਫੇਲ੍ਹ ਸਾਬਿਤ ਹੋ ਰਹੀ ਹੈ ਜਿਸ ਦੀ ਉਦਾਹਰਣ 16 ਦਿਨ ਤੋ ਐੱਸ ਡੀ ਐੱਮ ਦਫ਼ਤਰ ਪੱਟੀ ਅੱਗੇ ਲੱਗੇ ਮੋਰਚੇ ਤੋ ਲਈ ਜਾ ਸਕਦੀ ਹੈ ਕਿਉ ਕੇ ਪਿੰਡ ਸੀਤੋ ਨੌ ਬਾਅਦ ਨਾਲ ਲੱਗਦੀ ਰੋਹੀ ਅਤੇ ਪਿੰਡ ਸੰਗਵ, ਭੱਗੂਪੁਰ ਵਾਲੀ ਸੜਕ ਬਣਾਉਣ ਲਈ ਅਤੇ ਸੜਕਾ ਵਿਚ ਟੋਏ ਰੁੱਖ ਖੰਭੇ ਆਦਿ ਹਟਾਉਣ ਲਈ ਲਗਾਤਾਰ ਮੋਰਚਾ ਚੱਲ ਰਿਹਾ ਪਰ ਪ੍ਰਸ਼ਾਸਨ ਵੱਲੋ ਚੱਲ ਰਿਹਾ ਕੰਮ ਦੀ ਰਫਤਾਰ ਬਹੁਤ ਘੱਟ ਹੈ ਇਸ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋ 8 ਸਤੰਬਰ ਨੂੰ ਐੱਸ ਡੀ ਐੱਮ ਦਫ਼ਤਰ ਪੱਟੀ ਅੱਗੇ ਕਿਸਾਨ ਮਜ਼ਦੂਰ ਵੱਡਾ ਇੱਕਠ ਕਰਕੇ ਅਤੇ ਕੋਰ ਕਮੇਟੀ ਦੀ ਮੀਟਿੰਗ ਲਗਾ ਕੇ ਅਗਲੇ ਐਕਸ਼ਨ ਕੀਤੇ ਜਾਣਗੇ ਇਸ ਮੋਕੇ ਗੁਰਜੰਟ ਸਿੰਘ ਭੱਗੂਪੁਰ ਨਿਸ਼ਾਨ ਸਿੰਘ ਪੱਟੀ ਭੋਲਾ ਸਿੰਘ ਬੁਰਜ ਦੇਵਾ ਸਿੰਘ ਕਿਰਪਾਲ ਸਿੰਘ ਬੁਰਜ ਪੂਹਲਾ ਸੁਖਚੇਨ ਸਿੰਘ ਪੱਟੀ ਸੁੱਖਵੰਤ ਸਿੰਘ ਪੱਟੀ ਸੁਖਬੀਰ ਸਿੰਘ ਪੱਟੀ ਰੂਪ ਸਿੰਘ ਬਲਕਾਰ ਸਿੰਘ ਸਭਰਾ ਮੱਸਾ ਸਿੰਘ ਬਾਜ ਸਿੰਘ ਤੁੰਗ ਪ੍ਰਕਾਸ਼ ਸਿੰਘ ਆਦਿ ਆਗੂ ਹਾਜ਼ਰ ਸਨ।

# ਨਾਗ ਕਲਾਂ ਵਿਖੇ ਕਿਸਾਨ ਮੇਲਾ 2 ਨੂੰ

**ਤਰਨ ਤਾਰਨ,**
**-ਰੋਜ਼ਾਨਾ ਸਵੇਰਾ-**

ਪੰਜਾਬ ਐਗਰੀਕਲਚਰਲ ਯੂਨਵਿਰਸਿਟੀ ਲੁਧਿਆਣਾ ਵੱਲੋਂ 2 ਸਤੰਬਰ ਦਿਨ ਸ਼ੁੱਕਰਵਾਰ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ-ਜਹਾਂਗੀਰ, ਮਜੀਠਾ ਰੋਡ ਅੰਮ੍ਰਿਤਸਰ ਵਿਖੇ ਕਿਸਾਨ ਮੇਲਾ ਲਾਇਆ ਜਾ ਰਿਹਾ ਹੈ। ਡਾ. ਪਰਵਿੰਦਰ ਸਿੰਘ ਇੰਚਾਰਜ ਫਾਰਮ ਸਲਾਹਕਾਰ ਸੇਵਾ ਕੇਂਦਰ ਤਰਨ ਤਾਰਨ ਨੇ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਮੇਲੇ ਦਾ ਉਦੇਸ਼ ਕਿਸਾਨੀ, ਜਵਾਨੀ ਅਤੇ ਪੌਣ-ਪਾਣੀ ਬਚਾਈਏ, ਆਓ ਰੰਗਲਾ ਪੰਜਾਬ ਬਣਾਈਏ ਹੋਵੇਗਾ।

ਮੇਲੇ ਦੇ ਮੁੱਖ ਮਹਿਮਾਨ ਡਾ. ਇੰਦਰਬੀਰ ਸਿੰਘ ਨਿੱਝਰ ਕੈਬਨਿਟ ਮੰਤਰੀ ਸਥਾਨਕ ਸਰਕਾਰਾਂ, ਸੰਸਦੀ ਮਾਮਲੇ , ਭੂਮੀ ਅਤੇ ਪਾਣੀ ਰੱਖਿਆ ਅਤੇ ਪ੍ਰਬੰਧਕੀ ਸੁਧਾਰ, ਪੰਜਾਬ ਸਰਕਾਰ ਹੋਣਗੇ। ਉਨ੍ਹਾਂ ਦੱਸਿਆ ਕਿ ਡਾ. ਸਤਬੀਰ ਸਿੰਘ ਗੋਸਲ ਵਾਈਸ ਚਾਂਸਲਰ ਪੰਜਾਬ ਐਗਰੀਕਲਚਰਲ ਯੂਨਵਿਰਸਿਟੀ ਲੁਧਿਆਣਾ ਇਸ ਮੇਲੇ ਦੀ ਪ੍ਰਧਾਨਗੀ ਕਰਨਗੇ ਮੇਲੇ ਦੌਰਾਨ ਯੂਨਵਿਰਸਿਟੀ ਦੇ ਮਾਹਿਰਾਂ ਵੱਲੋਂ ਫਸਲਾਂ ਬਾਰੇ ਨਵੀਨਤਮ ਜਾਣਕਾਰੀ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਖੇਤੀ ਨਾਲ ਸਬੰਧਤ ਅੰਤਰ-ਰਾਸ਼ਟਰੀ ਪੱਧਰ ਦੀਆਂ ਪ੍ਰਾਈਵੇਟ ਕੰਪਨੀਆਂ ਵੱਲੋਂ ਪ੍ਰਦਰਸ਼ਨੀਆਂ ਅਤੇ ਸਟਾਲ ਲਾਏ ਜਾਣਗੇ।

ਯੂਨਵਿਰਸਿਟੀ ਵੱਲੋਂ ਵਿਕਸਤ ਕੀਤੀਆਂ ਹਾੜ੍ਹੀ ਦੀਆਂ ਫਸਲਾਂ ਅਤੇ ਸਰਦੀ ਰੁੱਤ ਦੀਆਂ ਸਬਜ਼ੀਆਂ ਦੀਆਂ ਉੱਨਤ ਕਿਸਮਾਂ ਦੇ ਬੀਜਾਂ ਅਤੇ ਖੇਤੀ ਸਾਹਿਤ ਦੀ ਵਿਕਰੀ ਵੀ ਕੀਤੀ ਜਾਵੇਗੀ। ਡਾ. ਪਰਵਿੰਦਰ ਸਿੰਘ ਨੇ ਕਿਸਾਨ ਵੀਰਾਂ ਅਤੇ ਕਿਸਾਨ ਬੀਬੀਆਂ ਨੂੰ ਇਸ ਮੇਲੇ ਵਿਚ ਹੁੰਮ-ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ ਹੈ।

# ਡੈਡੀਕੇਟਿਡ ਬ੍ਰਦਰਜ ਗਰੁੱਪ ਵੱਲੋਂ ਕਾਲਾ ਮੋਤੀਆ ਅਤੇ ਚਿੱਟਾ ਮੋਤੀਆ ਦਾ ਮੁਫ਼ਤ ਆਪ੍ਰੇਸ਼ਨ




**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਡੈਡੀਕੇਟਿਡ ਬ੍ਰਦਰਜ ਗਰੁੱਪ ਰਜਿ:ਪੰਜਾਬ ਦੇ ਸੰਸਥਾਪਕ ਅਤੇ ਆਜੀਵਨ ਪ੍ਰਧਾਨ ਡਾ.ਰਾਕੇਸ਼ ਵਰਮੀ ਦੀ ਸਰਪ੍ਰਸਤੀ ਹੇਠ ਡੀ.ਬੀ.ਜੀ ਵੱਲੋਂ ਅੱਖਾਂ ਦੇ ਮੁਫਤ ਆਪ੍ਰੇਸ਼ਨ ਹਰ ਰੋਜ ਕਰਵਾਏ ਜਾਂਦੇ ਹਨ ਪਹਿਲਾ ਆਓ, ਪਹਿਲਾ ਪਾਓ ਦੇ ਆਧਾਰ ਤੇ ਆਰਥਿਕ ਪੱਖੋਂ ਕਮਜੋਰ ਜਰੂਰਤਮੰਦ ਪਰਿਵਾਰਾਂ ਦੀਆਂ ਅੱਖਾਂ ਦੇ ਮੁਫਤ ਆਪ੍ਰੇਸਨ ਕਰਕੇ ਮੁਫਤ ਦਵਾਈਆਂ,ਐਨਕਾਂ ਵੀ ਦਿੱਤੀਆਂ ਜਾਂਦੀਆਂ ਹਨ। ਤਾਜ ਮੁਹੰਮਦ ਨੇ ਦੱਸਿਆਂ ਚਿੱਟੇ ਮੋਤੀਆ ਅਤੇ ਕਾਲੇ ਮੋਤੀਆ ਵਾਲੇ ਅੱਖਾਂ ਦੇ ਮਰੀਜਾਂ ਨੂੰ ਪਿੰਡਾਂ ਵਿਚ ਜਾਣਕਾਰੀ ਦੇ ਕੇ ਅੱਖਾਂ ਦੇ ਹਸਪਤਾਲ ਵਿੱਚ ਡਾ.ਅਵਿਸੇਕ ਹਾਂਡਾ ਅਤੇ ਉਨਾਂ ਦੀ ਟੀਮ ਵੱਲੋਂ ਅੱਖਾਂ ਦਾ ਆਪ੍ਰੇਸ਼ਨ ਕਰ ਕੇ ਘਰ ਭੇਜ ਦਿੱਤਾ ਜਾਂਦਾ ਹੈ। ਮੁਹੱਮਦ ਰਜਮਾਨ ਢਿਲੋਂ ਨੇ ਦੱਸਿਆ ਬਜੁਰਗਾਂ ਦੀਆਂ ਅੱਖਾਂ ਦੇ ਆਪ੍ਰੇਸਨ ਕਰਵਾ ਕੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ ਅਤੇ ਬਜੁਰਗਾਂ ਦੀਆਂ ਦੁਆਵਾਂ ਮਿਲਦੀਆਂ ਹਨ। ਡਾ.ਰਾਕੇਸ਼ ਵਰਮੀ ਨੇ ਸਮਾਜ ਸੇਵੀਆਂ ਨੂੰ ਅਪੀਲ ਕੀਤੀ ਇਸ ਸੁਨਹਿਰੀ ਮੌਕੇ ਦਾ ਲਾਭ ਉਠਾਓ ਜਰੂਰਤ ਮੰਦ ਬਜੁਰਗਾਂ ਦੀਆਂ ਅੱਖਾਂ ਦੀ ਨਜਰ ਬਣਵਾਓ ਅਤੇ ਦੁਆਵਾਂ ਪ੍ਰਾਪਤ ਕਰੋ ਇਸ ਸੇਵਾ ਵਿੱਚ ਕੋਈ ਖਰਚਾ ਨਹੀ ਹੈ ਅੱਖਾਂ ਦੇ ਆਪ੍ਰੇਸ਼ਨ ਕਰਵਾਉਣ ਲਈ ਪੰਜਾਬ, ਹਰਿਆਣਾ ਦੇ ਕਿਸੇ ਵੀ ਪਿੰਡ ਜਾ ਸ਼ਹਿਰ ਦਾ ਵਿਅਕਤੀ ਆ ਕੇ ਅੱਖਾਂ ਦਾ ਆਪ੍ਰੇਸ਼ਨ ਕਰਵਾ ਸਕਦਾ ਹੈ ਅੱਖਾਂ ਦੇ ਆਪ੍ਰੇਸ਼ਨ ਕਰਵਾਉਣ ਦੇ ਚਾਹਵਾਨ ਰੋਗੀ ਨੂੰ ਸੰਪਰਕ ਨੰਬਰ ਦੇ ਦੇਵੋ ਜੀ 9779585026 ਉਸ ਦੀ ਅੱਖ ਦਾ ਆਪ੍ਰੇਸ਼ਨ ਕਰਵਾਉਣਾ ਸਾਡੀ ਜਿੰਮੇਵਾਰੀ ਹੈ।

# ਜਿੰਮਖਾਨਾ ਚੋਣਾਂ ਸੰਬੰਧੀ ਤੀਜੇ ਗਰੁੱਪ ਦਾ ਹੋਇਆ ਸ਼ਾਨਦਾਰ ਆਗਾਜ਼



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਉਤਰੀ ਭਾਰਤ ਦੇ ਪ੍ਰਸਿੱਧ ਜਿੰਮਖਾਨਾ ਕਲੱਬ ਦੀਆਂ ਚੋਣਾਂ ਵਿਚ ਅੱਜ ਉਸ ਸਮੇਂ ਇਕ ਨਵਾਂ ਮੋੜ ਆਇਆ ਜਦੋਂ ਪਹਿਲਾਂ ਤੋਂ ਹੀ ਚੋਣਾਂ ਲੜ ਰਹੇ ਗੁਡਵਿਲ ਅਤੇ ਪ੍ਰੋਗਰੈਸਿਵ ਗਰੁੱਪ ਦੇ ਮੁਕਾਬਲੇ ਇਕ ਤੀਜੇ ਵੈਲਫੇਅਰ ਗਰੁੱਪ ਦਾ ਸ਼ਾਨਦਾਰ ਆਗਾਜ਼ ਹੋ ਗਿਆ। ਅੱਜ ਇਸ ਮੌਕੇ ਕਲੱਬ ਦੇ ਮੈਂਬਰ ਅਵਿਨਾਸ਼ ਗੁਪਤਾ ਦੀ ਅਗਵਾਈ ਹੇਠ ਕਈ ਸੀਨੀਅਰ ਅਤੇ ਨਾਮਵਰ ਮੈਂਬਰਾਂ ਨੇ ਪਹਿਲੀ ਹੰਗਾਮੀ ਮੀਟਿੰਗ ਕੀਤੀ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਪੰਜਾਬ ਲਾਰਜ ਸਕੇਲ ਇੰਡਸਟਰੀ ਦੇ ਸਾਬਕਾ ਵਾਈਸ ਚੇਅਰਮੈਨ ਕੇ.ਕੇ ਸਹਿਗਲ,ਉੱਘੇ ਸਮਾਜ ਸੇਵਕ ਡਾ. ਨਰੇਸ਼ ਰਾਜ ਅਤੇ ਹੋਰ ਕਈ ਸੀਨੀਅਰ ਮੈਂਬਰ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਚੋਣਾਂ ਸੰਬੰਧੀ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਅੱਜ ਹੀ ਕੋਰ ਕਮੇਟੀ ਦੀ ਸਥਾਪਨਾ ਵੀ ਕਰ ਦਿੱਤੀ ਗਈ। ਸਮੂਹ ਮੈਂਬਰਾਂ ਨੇ ਦੱਸਿਆ ਕਿ ਕਲੱਬ ਦੇ ਮੈਂਬਰਾਂ ਨੂੰ ਵਧੀਆ ਸਹੂਲਤਾਂ ਦੇਣ ਲਈ ਇਸ ਗਰੁੱਪ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਪਿਛਲੇ ਕਾਫੀ ਸਮੇਂ ਤੋਂ ਕਲੱਬ ਮੈਂਬਰਾਂ ਨੂੰ ਆ ਰਹੀਆਂ ਮੁਸ਼ਕਲਾਂ ਜਿਵੇਂ ਕਿ 1200 ਰੁਪਿਆ ਲੈ ਕੇ ਕਿਸੇ ਵੀ ਨਾਨ ਮੈਂਬਰ ਨੂੰ ਕਲੱਬ ਵਿਚ ਖੇਡਣ ਦੀ ਆਗਿਆ ਦਿੱਤੀ ਜਾਂਦੀ ਸੀ ਜੋ ਕਿ ਨਿਯਮਾਂ ਦੇ ਬਿਲਕੁਲ ਉਲਟ ਹੈ। ਇਸ ਦੇ ਨਾਲ ਹੀ ਕਲੱਬ ਪਿਛਲੇ ਕਾਫੀ ਸਮੇਂ ਤੋਂ ਵਿੱਤੀ ਘਾਟੇ ਵਿਚ ਚੱਲ ਰਿਹਾ ਹੈ ਪਰ ਕਲੱਬ ਨੂੰ ਮੁਨਾਫੇ ਵਿਚ ਲਿਆਉਣ ਦੀ ਜਗ੍ਹਾ ਕਲੱਬ ਵਿਚ ਬੇਲੋੜੀਆਂ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਕਈ ਹੋਰ ਤਰ੍ਹਾਂ ਦੀਆਂ ਕਮੀਆਂ ਨੂੰ ਦੂਰ ਕਰਨਾ ਵੀ ਇਸ ਗਰੁੱਪ ਦਾ ਮੁੱਖ ਏਜੰਡਾ ਹੈ। ਉਨ੍ਹਾਂ ਨੇ ਸਮੂਹ ਕਲੱਬ ਮੈਂਬਰਾਂ ਨੂੰ ਅਪੀਲ ਕੀਤੀ ਕਿ ਇਸ ਤੀਜੇ ਬਦਲ ਦੇ ਰੂਪ ਵਿਚ ਉਨ੍ਹਾਂ ਦੇ ਗਰੁੱਪ ਨੂੰ ਜੁਆਇਨ ਕੀਤਾ ਜਾਵੇ ਤਾਂ ਜੋ ਭਵਿੱਖ ਵਿਚ ਕਲੱਬ ਦੀ ਮਰਿਆਦਾ ਅਤੇ ਮੈਂਬਰਾਂ ਦੇ ਵੱਕਾਰ ਨੂੰ ਕਾਇਮ ਰੱਖਿਆ ਜਾਵੇ। ਇਸ ਮੌਕੇ ਕੋਰ ਕਮੇਟੀ ਵਿਚ ਅਵਿਨਾਸ਼ ਗੁਪਤਾ, ਅਪੂਰਵ ਭਸੀਨ, ਡਾ.ਲੀਲੀ ਰਾਜ ਵਾਲੀਆ, ਸੰਦੀਪ ਗੁਪਤਾ, ਐਡਵੋਕੇਟ ਸ਼ੇਰਦੀਪ ਸਿੰਘ, ਰਾਮ ਗੋਪਾਲ ਸਿੰਘ ਸ਼ੇਰਗਿਲ ਤੋਂ ਇਲਾਵਾ ਆਰ.ਐਲ ਭਸੀਨ, ਵਿਕਰਮ ਸਿੱਧੂ, ਐਡਵੋਕੇਟ ਉਦੇ ਪ੍ਰਤਾਪ ਸਿੰਘ ਸ਼ੇਰਗਿਲ, ਗੁਰਪਿਆਰ ਸਿੰਘ ਜੱਗੀ, ਇੰਜ ਐਮ. ਪੀ. ਸਿੰਘ, ਵਿਕਾਸ ਗੋਇਲ, ਰਾਕੇਸ਼ ਗੁਪਤਾ, ਜਸ਼ਨਜੀਤ ਕੌਰ, ਸਿੱਧੂ ਸਾਹਿਬ ਏ.ਜੀ ਐਮ.ਰਿਟਾਇਰਡ, ਅਵਿਸ਼ ਗੁਪਤਾ, ਭੱਟੀ ਸਾਹਿਬ ਇੰਸ਼ੋਰੈਂਸ ਵਾਲੇ, ਰਾਜਨ ਗੁਪਤਾ, ਤਜਿੰਦਰ ਜੈਨ ਰਾਕੇਸ਼ ਪੁਰੀ,ਰਾਜ ਸਿੰਗਲਾ, ਸਾਹਿਲ ਰਾਜ, ਅਤੇ ਪਵਨ ਗੁਪਤਾ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।

# ਐਕਟਿਵਾ ਸਕੂਟਰੀ ਦਾ ਸੰਤੁਲਨ ਵਿਗੜਨ ਕਾਰਨ ਨੌਜਵਾਨ ਹੋਇਆ ਜ਼ਖਮੀ



**ਸੰਗਤ ਮੰਡੀ,**
**-ਰੋਜ਼ਾਨਾ ਸਵੇਰਾ-**

ਸੰਗਤ ਮੰਡੀ ਦੇ ਗੁਰੂਕੇ ਵਾਲੇ ਫਾਟਕ ਕੋਲ ਇੱਕ ਐਕਿਟਵਾ ਦਾ ਸੰਤੁਲਨ ਵਿਗੜਨ ਕਾਰਨ ਨੌਜਵਾਨ ਜ਼ਖ਼ਮੀ ਹੋ ਗਿਆ। ਜ਼ਖ਼ਮੀ ਦੀ ਪਹਿਚਾਣ ਮਲਕੀਤ ਸਿੰਘ ਪੁੱਤਰ ਮੈਗਾ ਸਿੰਘ ਵਾਸੀ ਗਿੱਦੜਬਾਹਾ ਵਜੋਂ ਹੋਈ ਹੈ ਜ਼ਖ਼ਮੀ ਨੂੰ ਸੰਗਤ ਸਹਾਰਾ ਸੇਵਾ ਦੇ ਸਿੰਕਦਰ ਕੁਮਾਰ ਨੇ ਐਂਬੂਲੈਂਸ ਰਾਹੀਂ ਬਠਿੰਡਾ ਦੇ ਸਿਵਲ ਹਸਪਤਾਲ ਪਹੁੰਚਾਇਆ।

ਮਿਲੀ ਜਾਣਕਾਰੀ ਅਨੁਸਾਰ ਐਕਿਟਵਾ ਸੁਵਾਰ ਗਿੱਦੜਬਾਹਾ ਤੋਂ ਸੰਗਤ ਕਲਾਂ ਵਿਖੇ ਬਣੀ ਓਮ ਸੰਨਜ਼ ਸ਼ਰਾਬ ਫੈਕਟਰੀ ਵਿਚ ਕੰਮ ਕਰਨ ਲਈ ਜਾ ਰਿਹਾ ਸੀ ਜ਼ੋ ਹੀ ਉਹ ਸੰਗਤ ਮੰਡੀ ਦੇ ਗੁਰੂਕੇ ਫਾਟਕ ਕੋਲ ਪਹੁੰਚਿਆ ਤਾਂ ਉਸ ਦੀ ਐਕਿਟਵਾ ਸਕੂਟਰੀ ਦਾ ਸੰਤੁਲਨ ਵਿਗੜ ਗਿਆ ਜਿਸ ਕਾਰਨ ਐਕਟਿਵ ਡਿੱਗ ਪਈ ਜਿਸ ਕਰਨ ਐਕਟਿਵਾ ਸੁਵਾਰ ਜ਼ਖ਼ਮੀ ਹੋ ਗਿਆ ਜਿਸ ਨੂੰ ਸੰਗਤ ਸਹਾਰਾ ਸੇਵਾ ਸੰਸਥਾ ਦੇ ਵੰਲਟੀਅਰ ਨੇ ਬਠਿੰਡਾ ਦੇ ਸਿਵਲ ਹਸਪਤਾਲ ਪਹੁੰਚਾਇਆ।

# ਮਹਿਕਮੇ ਵੱਲੋਂ ਦਿੱਤੀ ਜਾਂਦੀ ਅਧੂਰੀ ਜਾਣਕਾਰੀ ਕਾਰਨ ਆਰ ਟੀ ਮਹਿਕਮਾ ਸ਼ੱਕ ਦੇ ਘੇਰੇ ਵਿੱਚ

**ਬਠਿੰਡਾ,**
**-ਰੋਜ਼ਾਨਾ ਸਵੇਰਾ-**

ਲੋਕਾਂ ਦੇ ਮਨਾਂ ਵਿਚਲੇ ਸ਼ੱਕ ਸ਼ੰਕਾਵਾਂ ਦੂਰ ਕਰਨ ਲਈ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੂਚਨਾ ਦਾ ਅਧਿਕਾਰ ਨਾਮਕ ਸੇਵਾ ਭਾਵੇਂ ਸਰਕਾਰੀ ਅਤੇ ਅਰਧ ਸਰਕਾਰੀ ਸੇਵਾਵਾਂ ਦੀ ਪਾਰਦਰਸ਼ਿਤਾ ਲੋਕਾਂ ਅੱਗੇ ਰੱਖਣ ਲਈ ਸ਼ੁਰੂ ਕੀਤੀ ਗਈ ਹੈ ਪਰ ਅੱਜ ਵੀ ਇਸ ਸੇਵਾ ਦਾ ਅਸਲ ਮੰਤਵ ਪੂਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ।

ਕਿਉਂ ਕਿ ਮਹਿਕਮੇ ਵੱਲੋਂ ਅਕਸਰ ਪੂਰੀ ਜਾਣਕਾਰੀ ਨਾ ਦੇਕੇ ਕਈ ਚਹੇਤੇ ਲੋਕਾਂ ਦਾ ਬਚਾਅ ਕਰ ਲਿਆ ਜਾਂਦਾ ਹੈ। ਤਾਜ਼ਾ ਮਾਮਲਾ ਪਿਛਲੇ ਦਿਨੀਂ ਇੱਕ ਨਾਗਰਿਕ ਵੱਲੋਂ ਮੰਗੀ ਗਈ ਇੱਕ ਆਰ ਟੀ ਆਈ ਤੋਂ ਸਾਹਮਣੇਂ ਆਇਆ ਹੈ।

ਜਿਕਰਯੋਗ ਹੈ ਕਿ ਬੀਤੇ ਦਿਨੀਂ ਬਠਿੰਡਾ ਅੰਦਰ ਚੱਲ ਰਹੇ ਇੰਮੀਗ੍ਰੇਸ਼ਨ ਅਤੇ ਆਈਲੈਟਸ ਸੈਂਟਰਾਂ ਦੀ ਸੂਚੀ ਸਮੇਤ ਨਾਮ, ਲਾਇਸੈਂਸ ਨੰਬਰ ਅਤੇ ਕਿੰਨੇ ਸਮੇ ਤੋ ਲਾਇਸੰਸ ਜ਼ਾਰੀ ਕੀਤਾ ਗਿਆ ਹੈ ਇਸ ਦੀ ਸੂਚਨਾ ਉਕਤ ਨਾਗਰਿਕ ਵੱਲੋਂ ਮੰਗੀ ਗਈ ਸੀ। ਪਰ ਹੈਰਾਨੀ ਉਦੋਂ ਹੋਈ ਜਦੋਂ ਸਬੰਧਿਤ ਵਿਭਾਗ ਨੇ ਸਿਰਫ ਨਾਮ ਅਤੇ ਲਾਇਸੰਸ ਨੰਬਰ ਦੀ ਜਾਣਕਾਰੀ ਦੇ ਕੇ ਬੁੱਤਾ ਸਾਰ ਦਿੱਤਾ ਜਦੋਂ ਕਿ ਇਹ ਦੱਸਣਾ ਅਤੀ ਜ਼ਰੂਰੀ ਸੀ ਕਿ ਇਹਨਾ ਸੈਂਟਰਾਂ ਨੂੰ ਲਾਇਸੈਂਸ ਕਦੋਂ ਜ਼ਾਰੀ ਕੀਤੇ ਗਏ ਹਨ।

# ਜਾਨਵਰਾਂ ਤੇ ਜ਼ੁਲਮ ਕਰਨ ਵਾਲਿਆਂ ਨੂੰ ਹੋ ਸਕਦਾ ਹੈ ਜ਼ੁਰਮਾਨਾ ਅਤੇ ਸਜ਼ਾ : ਡਾ: ਬਿਮਲ ਸ਼ਰਮਾ



**ਬਠਿੰਡਾ,**
**-ਰੋਜ਼ਾਨਾ ਸਵੇਰਾ-**

ਅੰਤਰ ਰਾਸ਼ਟਰੀ ਡੌਗ ਦਿਵਸ ਹਰ ਸਾਲ 26 ਅਗਸਤ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਜਾਨਵਰਾਂ ਦੀ ਭਲਾਈ ਕਰਨ ਵਾਲੇ ਕਲੌਨ ਪੈਗੀ ਨੇ ਪਹਿਲੀ ਵਾਰ ਸੈਲਟੀ ਨਾਮ ਦੇ ਕੁੱਤੇ ਨੂੰ ਗੋਦ ਲਿਆ ਸੀ। ਇਸ ਸਬੰਧੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ: ਬਿਮਲ ਸ਼ਰਮਾ ਪ੍ਰਿੰਸੀਪਲ ਕਮ ਜੁਆਇੰਟ ਡਾਇਰੈਕਟਰ ਵੈਟਨਰੀ ਪੋਲੀਟੈਕਨਿਕ ਕਾਲਜ ਅਤੇ ਖੇਤਰੀ ਖੋਜ਼ ਸਿਖਲਾਈ ਕੇਂਦਰ, ਕਾਲਝਰਾਣੀ ਨੇ ਕਿਹਾ ਕਿ ਕੁੱਤਿਆਂ ਨੂੰ ਸੁਰੱਖਿਅਤ ਅਤੇ ਪਿਆਰ ਭਰਿਆ ਵਾਤਾਵਰਨ ਪ੍ਰਦਾਨ ਕਰਨ ਲਈ ਸਾਨੂੰ ਬੇਸਹਾਰਾ ਕੁੱਤਿਆਂ ਨੂੰ ਗੋਦ ਲੈਣਾ ਚਾਹੀਦਾ ਹੈ ਅਤੇ ਕੁੱਤਿਆਂ ਦੀ ਭਲਾਈ ਲਈ ਬਣੀਆਂ ਸੈਲਟਰਾਂ ਨੂੰ ਦਾਨ ਕਰਨਾ ਚਾਹੀਦਾ ਹੈ। ਇਹ ਦਿਨ ਸਮਾਜ ਵਿੱਚ ਪ੍ਰਚਲਿਤ ਜਾਨਵਰਾਂ ਪ੍ਰਤੀ ਬੇਰਹਿਮੀ ਨੂੰ ਵੀ ਉਜਾਗਰ ਕਰਦਾ ਹੈ। ਡਾ: ਸ਼ਰਮਾ ਨੇ ਕਿਹਾ ਕਿ ਕੁੱਤਿਆਂ ਨੂੰ ਦੁਕਾਨਾਂ ਤੋਂ ਖਰੀਦਣ ਦੀ ਬਜਾਏ ਬੇਸਹਾਰਾ ਅਤੇ ਲਵਾਰਿਸ ਕੁੱਤਿਆਂ ਨੂੰ ਅਪਣਾਉਣਾ ਚਾਹੀਦਾ ਹੈ। ਦੁਨੀਆਂ ਭਰ ਵਿੱਚ ਬਹੁਤ ਸਾਰੇ ਅਜਿਹੇ ਲਵਾਰਿਸ ਕੁੱਤੇ ਹਨ, ਜਿੰਨ੍ਹਾਂ ਦੀ ਲੋਕਾਂ ਅਤੇ ਸਥਾਨਿਕ ਅਧਿਕਾਰੀਆਂ ਵੱਲੋਂ ਉਚਿੱਤ ਦੇਖਭਾਲ ਨਹੀਂ ਕੀਤੀ ਜਾਂਦੀ, ਸਗੋਂ ਉਨ੍ਹਾਂ ਨਾਲ ਅਕਸਰ ਦੁਰਵਿਵਹਾਰ ਕੀਤਾ ਜਾਂਦਾ ਹੈ ਅਤੇ ਕਈਆਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਜਾਂਦਾ ਹੈ।

ਜਾਨਵਰਾਂ ਦੀ ਜਿੰਦਗੀ ਵੀ ਉਨੀ ਹੀ ਕੀਮਤੀ ਹੈ ਜਿੰਨੀ ਇਨਸਾਨ ਦੀ ਜਿੰਦਗੀ। ਇਹ ਦਿਵਸ ਅਜਿਹੀਆਂ ਸਮੱਸਿਆਵਾਂ ਬਾਰੇ ਜਾਗਰੂਕਤਾ ਪੈਦਾ ਕਰਦਾ ਹੈ ਅਤੇ ਲੋਕਾਂ ਨੂੰ ਇਨ੍ਹਾਂ ਕੁੱਤਿਆਂ ਦੀ ਬਿਹਤਰ ਦੇਖਭਾਲ ਕਰਨ ਲਈ ਉਤਸ਼ਾਹਿਤ ਕਰਦਾ ਹੈ, ਕਿਉਂਕਿ ਇਹ ਜਾਨਵਰ ਵੀ ਸਾਡੇ ਵਾਗੂ ਬਿਹਤਰ ਜ਼ਿੰਦਗੀ ਦੇ ਹੱਕਦਾਰ ਹਨ ਅਤੇ ਸਾਨੂੰ ਇਹਨਾਂ ਬੇਜੁਬਾਨ ਜਾਨਵਰਾਂ ਦਾ ਸਹਾਰਾ ਬਣਨਾ ਚਾਹੀਦਾ ਹੈ। ਇਸ ਮੌਕੇ ਡਾ: ਬਿਮਲ ਸ਼ਰਮਾ ਨੇ ਵਿਦਿਆਰਥੀਆਂ ਨੂੰ ਕੁੱਤਿਆਂ ਦੀ ਬਿਮਾਰੀਆਂ, ਸਾਂਭ ਸੰਭਾਲ ਅਤੇ ਵੈਕਸੀਨੇਸਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਕੁੱਤੇ ਸਾਡੀ ਜਿੰਦਗੀ ਦੇ ਇੱਕ ਛੋਟੇ ਜਿਹੇ ਹਿੱਸੇ ਵਿੱਚੋਂ ਹੋ ਸਕਦੇ ਹਨ, ਪਰੰਤੂ ਉਨ੍ਹਾਂ ਲਈ ਅਸੀਂ ਪੂਰੀ ਜ਼ਿੰਦਗੀ ਹਾਂ।

# ਭਾਈ ਏਕਤਾ ਯੁਵਕ ਭਲਾਈ ਕਲੱਬ ਵਲੋਂ ਯੂਨਾਈਟਿਡ ਵੈੱਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਾਇਆ




**ਰਾਮਾਂ ਮੰਡੀ,**
**-ਰੋਜ਼ਾਨਾ ਸਵੇਰਾ-**

ਪਿੰਡ ਮੱਲਵਾਲਾ ਵਿਖੇ ਭਾਈ ਏਕਤਾ ਯੁਵਕ ਭਲਾਈ ਕਲੱਬ ਵੱਲੋਂ ਯੂਨਾਈਟਿਡ ਵੈਲਫੇਅਰ ਸੁਸਾਇਟੀ ਬਠਿੰਡਾ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਾਇਆ ਗਿਆ । ਕਲੱਬ ਦੇ ਪ੍ਰਧਾਨ ਜਰਨੈਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਕਲੱਬ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਖ਼ੂਨਦਾਨ ਕੈਂਪ ਲਾਇਆ ਗਿਆ। ਇਹ ਕੈਂਪ ਗੁਰਦੁਆਰਾ ਸਾਹਿਬ ਵਿਚ ਲਾਇਆ ਗਿਆ ।ਇਸ ਕੈਂਪ ਵਿਚ ਖ਼ੂਨਦਾਨੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ ਅਤੇ ਲਗਪਗ ਵੀਹ ਤੋਂ ਉੱਪਰ ਯੂਨਿਟ ਦਾਨੀਆਂ ਨੇ ਖ਼ੂਨਦਾਨ ਕੀਤੇ। ਇਸ ਮੌਕੇ ਬਲੱਡ ਬੈਂਕ ਵੱਲੋਂ ਸਰਟੀਫਿਕੇਟ ਅਤੇ ਕਲੱਬ ਵੱਲੋਂ ਸਨਮਾਨ ਚਿੰਨ੍ਹ ਭੇਟ ਕੀਤੇ ਗਏ ।ਇਸ ਦਾ ਉਦਘਾਟਨ ਹਲਕਾ ਵਿਧਾਇਕ ਪ੍ਰੋ ਬਲਜਿੰਦਰ ਕੌਰ ਨੇ ਕੀਤਾ ਤੇ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ। ਹਰ ਇੱਕ ਤੰਦਰੁਸਤ ਆਦਮੀ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ ਤਾਂ ਕਿ ਇਸ ਨਾਲ ਕਿਸੇ ਦੀ ਕੀਮਤੀ ਜਾਨ ਬਚ ਸਕੇ। ਇਸ ਮੌਕੇ ਵਿਸ਼ੇਸ਼ਤਾ ਰਹੀ ਕਿ ਯੂਨਾਈਟਿਡ ਵੈਲਫੇਅਰ ਸੋਸਾਇਟੀ ਦੇ ਮੈਂਬਰ ਤੇ ਉੱਘੇ ਲੇਖਕ ਗੁਰਸੇਵਕ ਸਿੰਘ ਬੀੜ ਬਹਿਮਣ ਜਿਨ੍ਹਾਂ ਨੇ 60 ਵਾਰ ਖ਼ੂਨਦਾਨ ਕੀਤਾ ਹੈ ਉਹ ਵੀ ਪਹੁੰਚੇ ਹੋਏ ਸਨਇਸ ਮੌਕੇ ਗੁਰਸੇਵਕ ਸਿੰਘ ਬੀਡ ? ਤੇ ਬਲੱਡ ਬੈਂਕ ਦੇ ਡਾ ਰੁਚਿਕਾ ਨੇ ਕਿਹਾ ਕਿ ਲੋਕਾਂ ਨੂੰ ਅਫਵਾਹਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਜਿਵੇਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਕਿ ਬਲੱਡ ਬੈਂਕ ਵੱਲੋਂ ਖ਼ੂਨਦਾਨ ਕੈਂਪ ਲਾਉਣ ਵਾਲਿਆਂ ਨੂੰ ਪੈਸਾ ਦਿੱਤਾ ਜਾਂਦਾ ਹੈ ਅਜਿਹਾ ਕੁਝ ਵੀ ਨਹੀਂ ਹੁੰਦਾ ਹੈ ਤੇ ਲੋਕਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ ਇਹ ਨਿਰਾ ਝੂਠ ਹੈ ਜਿਸ ਆਦਮੀ ਨੇ ਇਹ ਅਫਵਾਹ ਫੈਲਾਈ ਸੀ ਉਸਨੇ ਮਾਫੀ ਵੀ ਮੰਗੀ ਹੈ ਤੇ ਉਸ ਦਾ ਸਪੱਸ਼ਟੀਕਰਨ ਵੀ ਸਾਡੇ ਕੋਲ ਹੈ । ਇਸ ਮੌਕੇ ਐੱਮ ਐੱਲ ਟੀ ਨੀਲਮ ਰਾਣੀ ,ਡਾ ਰਮੇਸ਼, ਡਾ ਪ੍ਰਮੋਦ ਜਾਖਲ, ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।


# ਦਫਤਰ ਨਗਰ ਪੰਚਾਇਤ, ਬੋਹਾ (ਜਿਲ੍ਹਾ ਮਾਨਸਾ)

ਪੱਤਰ ਨੰ. 848

## ਇਸ਼ਤਿਹਾਰ

☛ ਦਫਤਰ ਨਗਰ ਪੰਚਾਇਤ, ਬੋਹਾ ਵੱਲੋਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਰਸਾਤਾ ਦਾ ਮੌਸਮ ਹੋਣ ਕਰਕੇ ਕੁਝ ਜਰੂਰੀ ਗੱਲਾਂ ਦਾ ਧਿਆਨ ਰੱਖਣ ਹਿੱਤ ਕਿਉਕਿ ਬਰਸਾਤਾ ਦੇ ਦਿਨਾ ਵਿੱਚ ਡੇਗੂ ਬੁਖਾਰ ਫੈਲਦਾ ਹੈ। ਇਸ ਲਈ ਆਪਣੇ ਘਰਾ ਦੇ ਆਲੇ-ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ, ਪਾਣੀ ਭਰੇ ਭਾਡਿਆ ਨੂੰ ਚੀਗੀ ਤਰ੍ਹਾ ਢੱਕ ਕੇ ਰੱਖੋ, ਡੇਗੂ ਬੁਖਾਰ ਫੈਲਾਉਣ ਵਾਲਾ ਮੱਛਰ ਸਵੇਰ ਅਤੇ ਸ਼ਾਮ ਵੇਲੇ ਕੱਟਦਾ ਹੈ, ਸਵੇਰੇ-ਸ਼ਾਮ ਅਜਿਹੇ ਕੱਪੜੇ ਪਹਿਨੋ ਜਿਨਾ ਨਾਲ ਪੂਰਾ ਸਰੀਰ ਢੱਕਿਆ ਰਹੇ। ਤੇਜ ਬੁਖਾਰ ਹੋਣ ਦੀ ਸੂਰਤ ਵਿੱਚ ਤਰੁੰਤ ਸਰਕਾਰ ਵਲੋਂ ਪ੍ਰਵਾਨਤ/ਲੈਬੋਰੇਟਰੀ/ਸਿਹਤ ਕੇਂਦਰਾਂ ਤੋ ਪੂਰੀ-ਪੂਰੀ ਜਾਂਚ ਪੜਤਾਲ ਕਰਵਾ ਕੇ ਹੀ ਇਲਾਜ/ਦਵਾਈ ਲਵੋ।

☛ ਸਰਕਾਰ ਵੱਲੋਂ ਸਵੱਛ ਭਾਰਤ ਮੁਹਿੰਮ ਅਧੀਨ ਆਪਣੇ-2 ਸ਼ਹਿਰਾਂ ਨੂੰ ਸਾਫ ਸੁਥਰਾ ਰੱਖਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲਈ ਆਪਣੇ ਘਰਾਂ ਵਿੱਚ ਨੀਲੇ ਰੰਗ ਅਤੇ ਹਰੇ ਰੰਗ ਦੇ ਦੋ ਡਸਟਬੀਨ ਲਗਾ ਕੇ ਕੂੜੇ ਨੂੰ ਸੈਗਰੀਗੇਸ਼ਨ ਕਰਕੇ ਅਲੱਗ-ਅਲੱਗ ਕੀਤਾ ਜਾਵੇ। ਹਰੇ ਰੰਗ ਦੇ ਡਸਟਬੀਨ ਵਿੱਚ ਗਿੱਲਾ ਕੂੜਾ ਜਿਵੇਂ ਕਿ ਸਬਜੀਆ ਅਤੇ ਫਲਾ ਦੇ ਪੱਤੇ ਆਦ ਅਤੇ ਨੀਲੇ ਰੰਗ ਦੇ ਡਸਟਬੀਨ ਵਿੱਚ ਸੁੱਕਾ ਕੂੜਾ ਜਿਵੇ ਪਲਾਸਟਿਕ, ਪਾਲੀਥੀਨ, ਮੱਗ ਆਦ ਵਿੱਚ ਪਾਉਣ ਉਪਰੰਤ ਨਗਰ ਪੰਚਾਇਤ ਬੋਹਾ ਵੱਲੋਂ ਕੂੜੇ ਨੂੰ ਚੁੱਕਣ ਲਈ ਲਗਾਈਆ ਗਈਆਂ ਡੋਰ-ਟੂ-ਡੋਰ ਰੇਹੜੀਆਂ ਵਿਚ ਪਾਇਆ ਜਾਵੇ। ਪਲਾਸਟਿਕ ਦੇ ਲਿਫਾਫਿਆ ਦੀ ਵਰਤੋ ਨਾ ਕੀਤੀ ਜਾਵੇ ਸਗੋਂ ਘਰਾ ਵਿੱਚ ਬਣੇ ਥੈਲੇ ਦੀ ਵਰਤੋ ਕੀਤੀ ਜਾਵੇ।

ਸਹੀ/-
ਕਾਰਜ ਸਾਧਕ ਅਫ਼ਸਰ
ਨਗਰ ਪੰਚਾਇਤ, ਬੋਹਾ

# ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਤ ਸਕੀਮਾਂ ਬਾਰੇ ਹਰ ਵੀਰਵਾਰ ਨੂੰ ਬਲਾਕ ਦਫ਼ਤਰਾਂ ਵਿਖੇ ਹੋਵੇਗੀ ਲੋਕ ਸੁਣਵਾਈ

**ਮਾਨਸਾ,**
**-ਰੋਜ਼ਾਨਾ ਸਵੇਰਾ-**

ਜ਼ਿਲ੍ਹਾ ਵਾਸੀਆਂ ਦੀ ਸਹੂਲਤ ਲਈ ਹਰ ਹਫ਼ਤੇ ਦੇ ਵੀਰਵਾਰ ਨੂੰ ਲੋਕ ਸੁਣਵਾਈ ਲਈ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਦੇ ਦਫਤਰ ਵਿਖੇ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 01:00 ਵਜੇ ਤੱਕ ਲੋਕ ਸੁਣਵਾਈ ਕੀਤੀ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ/ਵਿਕਾਸ), ਸ਼੍ਰੀ ਟੀ.ਬੈਨਿਥ ਆਈ.ਏ.ਐਸ. ਨੇ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕਰਦਿਆਂ ਦੱਸਿਆ ਕਿ ਪਿੰਡਾਂ ਦੇ ਵਸਨੀਕਾਂ ਨੂੰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਤ ਸਕੀਮਾਂ/ਯੋਜਨਾਵਾਂ ਦਾ ਸਮਾਂਬੱਧ ਢੰਗ ਨਾਲ ਲਾਭ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹਫ਼ਤੇ ਦੇ ਹਰੇਕ ਵੀਰਵਾਰ ਨੂੰ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਦੇ ਦਫ਼ਤਰ ਅਤੇ ਜ਼ਿਲ੍ਹਾ ਪ੍ਰੀਸ਼ਦ ਵਿਖੇ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 01:00 ਵਜੇ ਤੱਕ ਜ਼ਿਲ੍ਹਾ ਪ੍ਰੀਸ਼ਦ ਨਾਲ ਸਬੰਧਤ ਸਕੀਮਾਂ/ ਕੰਮਕਾਜ ਲਈ ਲੋਕ ਪਹੁੰਚ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਹਫ਼ਤਾਵਾਰੀ ਲੋਕ ਸੁਣਵਾਈ ਦੌਰਾਨ ਕੋਈ ਵੀ ਪਿੰਡ ਦਾ ਵਿਅਕਤੀ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਸਬੰਧਤ ਸਕੀਮਾਂ ਜਿਵੇਂ ਕਿ ਮਗਨਰੇਗਾ, ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਆਦਿ ਸਬੰਧੀ ਸ਼ਿਕਾਇਤ ਜਾਂ ਆਪਣੇ ਸੁਝਾਅ ਦੇ ਸਕਦਾ ਹੈ, ਜਿਸ ਦਾ ਇੰਦਰਾਜ ਦਫ਼ਤਰ ਵਿਖੇ ਰਜਿਸਟਰ ਵਿੱਚ ਕੀਤਾ ਜਾਵੇਗਾ।

ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ/ਵਿਕਾਸ) ਸ੍ਰੀ ਟੀ.ਬੈਨਿਥ ਆਈ.ਏ.ਐਸ. ਨੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਲੋਕ ਸੁਣਵਾਈ ਲਈ ਉਲੀਕੇ ਪ੍ਰੋਗਰਾਮ ਦੀ ਪਿੰਡਾਂ ਵਿਚ ਵੱਧ ਤੋਂ ਵੱਧ ਮੁਨਿਆਦੀ ਕਰਵਾਈ ਜਾਵੇ।

# ਨੌਜਵਾਨ ਭਾਰਤ ਸਭਾ ਵੱਲੋਂ ਨੂੰ ਜਿਲ੍ਹੇ ਦੇ ਇਜਲਾਸ ਸੰਬੰਧੀ ਮੀਟਿੰਗ ਕੀਤੀ - ਬੱਧਨੀ ਕਲਾਂ

**ਸਮਾਲਸਰ**
**-ਰੋਜ਼ਾਨਾ ਸਵੇਰਾ-**

ਅੱਜ ਪਿੰਡ ਬੱਧਨੀਂ ਕਲ੍ਹਾ ਵਿਖੇ ਨੌਜਵਾਨ ਭਾਰਤ ਸਭਾ ਵੱਲੋਂ ਨੂੰ ਕੀਤੇ ਜਾ ਰਹੇ ਜਿਲ੍ਹੇ ਦੇ ਇਜਲਾਸ ਦੀ ਤਿਆਰੀ ਸੰਬੰਧੀ ਅਤੇ ਮੁਕੰਮਲ ਕਮੇਟੀ ਦੀ ਚੋਣ ਕਰਕੇ ਨੌਜਵਾਨਾਂ ਨਾਲ ਮੀਟਿੰਗ ਕੀਤੀ ਗਈ।



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਇਲਾਕਾ ਪ੍ਰੈਸ ਸਕੱਤਰ ਰਾਜਦੀਪ ਸਿੰਘ , ਸਤਨਾਮ ਸਿੰਘ ਡਾਲਾ ਅਤੇ ਹਰਪ੍ਰੀਤ ਸਿੰਘ ਬੁੱਟਰ ਨੇ ਕਿਹਾ ਕਿ ਨੌਜਵਾਨ ਭਾਰਤ ਸਭਾ ਵੱਲੋਂ 29ਅਗਸਤ ਨੂੰ ਜਿਲ੍ਹੇ ਦਾ ਇਜਲਾਸ ਕੀਤਾ ਜਾ ਰਿਹਾ ਹੈ। ਜਿਸ ਵਿੱਚ ਚੁਣੀਆਂ ਹੋਈਆਂ ਕਮੇਟੀਆਂ ਦੇ ਡੈਲੀਗੇਟ ਸ਼ਾਮਿਲ ਹੋਣਗੇ ਅਤੇ ਉਨ੍ਹਾਂ ਵਿਚੋਂ ਹੀ ਜਿਲ੍ਹੇ ਦੀ ਕਮੇਟੀ ਦੀ ਚੋਣ ਕੀਤੀ ਜਾਵੇਗੀ ।

ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਬਣੀ ਆਮ ਆਦਮੀ ਦੀ ਸਰਕਾਰ ਚੋਣ ਵਾਅਦਿਆ ਤੇ ਖਰੀ ਨਹੀਂ ਉੱਤਰ ਰਹੀ। ਸ਼ਹੀਦਾਂ ਦੀਆਂ ਵਿਰਾਸਤੀ ਇਮਰਾਤਾਂ ਨੂੰ ਘੱਟੇ ਰੋਲ ਰਹੀ ਹੈ। ਫਿਰੋਜ਼ਪੁਰ ਤੂੜੀ ਬਜ਼ਾਰ ਵਿੱਚ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਖੁਫ਼ੀਆਂ ਟਿਕਾਣਾ ਜੋ ਕਿ ਕਿਸੇ ਵੱਲੋਂ ਨਜ਼ਾਇਜ ਕਬਜ਼ਾ ਕਰ ਰੱਖਿਆ ਹੈ। ਸੋ ਸਾਡੀ ਮੰਗ ਹੈ ਕਿ ਸਰਕਾਰ ਇਸ ਟਿਕਾਣੇ ਨੂੰ ਤਰੁੰਤ ਕਬਜ਼ਾਧਾਰੀਆਂ ਤੋਂ ਖਾਲੀ ਕਰਵਾਏ ਅਤੇ ਇਸ ਨੂੰ ਇਤਿਹਾਸਕ ਇਮਾਰਤ ਵਿੱਚ ਤਬਦੀਲ ਕਰੇ। ਇਸ ਤੋਂ ਬਿਨਾਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿਹਤ ਸਹੂਲਤਾਂ, ਬੇਰੁਜ਼ਗਾਰੀ ਨੂੰ ਖਤਮ ਕਰਨ ਤੇ ਹਰ ਵਰਗ ਦੇ ਲੋਕਾਂ ਨੂੰ ਸਹੂਲਤਾਂ ਦੇਣ ਦੀਆਂ ਗੱਲਾਂ ਕੀਤੀਆਂ ਸਨ। ਪਰ ਇਹ ਸਰਕਾਰ ਪੇਂਡੂ ਤੇ ਸ਼ਹਿਰੀ ਖੇਤਰ ਵਿੱਚ ਕੋਈ ਅੰਤਰ ਨਹੀਂ ਸਮਝ ਰਹੀ ਪਿੰਡਾਂ ਵਿੱਚ ਡਿਸਪੈਂਸਰੀਆਂ ਦੀ ਲੋੜ ਸੀ ਤਾਂ ਜੋ ਹਰ ਤਰਾ ਦੀ ਮੁੱਢਲੀ ਸਹਾਇਤਾ ਦਿੱਤੀ ਜਾ ਸਕੇ ਪਰ ਇਹ ਸਰਕਾਰ ਬੰਦ ਪਏ ਸੇਵਾ ਕੇਂਦਰਾਂ ਨੂੰ ਚਲਾਉਣ ਦੀ ਬਜਾਏ ਉਹਨਾਂ ਨੂੰ ਹੀ ਮੁਹੱਲਾ ਕਲੀਨਿਕ ਬਣਾ ਰਹੀ ਹੈ । ਇਹ ਪਾਰਟੀ ਸਿਹਤ ਸਹੂਲਤਾਂ ਦੇ ਨਾਮ ਤੇ ਢੌਂਗ ਕਰ ਰਹੀ ਹੈ ਜੇਕਰ ਲੋਕਾਂ ਦੀ ਸਿਹਤ ਨਾਲ ਇਹਨਾਂ ਦੀ ਸੱਚੀ ਹਮਦਰਦੀ ਹੈ ਤਾ ਮੋਗਾ ਜ਼ਿਲ੍ਹੇ ਅੰਦਰ ਕਈ ਹਸਪਤਾਲ ਡਾਕਟਰ ਨਾ ਹੋਣ ਕਰਕੇ ਖਾਲੀ ਪਏ ਹਨ ਅਤੇ ਖੰਡਰ ਬਣ ਰਹੇ ਹਨ। ਆਮ ਆਦਮੀ ਪਾਰਟੀ ਲੋਕਾਂ ਨੂੰ ਬੇਵਕੂਫ ਬਣਾ ਰਹੀ ਹੈ ਲੋਕਾਂ ਨੂੰ ਸਹੂਲਤਾਂ ਦੇਣ ਤੇ ਪੈਸਾ ਖਰਚ ਘੱਟ ਪਰ ਉਸ ਦਾ ਪ੍ਰਚਾਰ ਕਰਨ ਤੇ ਪੈਸਾ ਜ਼ਿਆਦਾ ਲਗਾਇਆ ਜਾ ਰਿਹਾ ਹੈ। ਇਸ ਤਰ੍ਹਾਂ ਦੇ ਹਲਾਤਾਂ ਵਿੱਚ ਨੌਜਵਾਨਾ ਨੂੰ ਚੇਤਨ ਕਰਨ ਦੀ ਜ਼ਰੂਰਤ ਹੈ ।ਸਾਰੀ ਸਰਕਾਰਾ ਦੀਆਂ ਨੀਤੀਆਂ ਇੱਕੋ ਜਿਹੀਆਂ ਹੁੰਦੀਆਂ ਹਨ।

# ਜ਼ੋਨ ਖੇਡ ਮੁਕਾਬਲਿਆਂ 'ਚ ਭਾਈ ਬਹਿਲੋ ਸਕੂਲ ਫਫੜੇ ਭਾਈਕੇ ਨੇ ਕਰਵਾਈ ਬੱਲੇ-ਬੱਲੇ 12 ਗੋਲਡ, 2 ਸਿਲਵਰ ਅਤੇ ਕਾਂਸੀ ਤ.ਗਮੇ ਜਿੱਤੇ

**ਹੀਰੋ ਖੁਰਦ,**
**-ਰੋਜ਼ਾਨਾ ਸਵੇਰਾ-**

ਭਾਈ ਬਹਿਲੋ ਪਬਲਿਕ ਸਕੂਲ ਫਫੜੇ ਭਾਈਕੇ ਦੇ ਵਿਦਿਆਰਥੀਆਂ ਦੇ ਜਿੱਥੇ ਵਿਦਿਅਕ ਨਤੀਜੇ 100 ਫੀਸਦੀ ਰਹਿੰਦੇ ਹਨ, ਉੱਥੇ ਖੇਡਾਂ 'ਚ ਵੀ ਸਕੂਲ ਦੇ ਵਿਦਿਆਰਥੀ ਮੋਹਰੀ ਹਨ।



ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾਂਦੇ ਜ਼ੋਨ ਪੱਧਰੀ ਖੇਡ ਮੁਕਾਬਲਿਆਂ ਵਿੱਚ ਭਾਈ ਬਹਿਲੋ ਪਬਲਿਕ ਸਕੂਲ ਦੀਆਂ ਟੀਮਾਂ ਨੇ ਵੱਖ-ਵੱਖ ਖੇਡਾਂ ਵਿੱਚ ਭਾਗ ਲਿਆ ਅਤੇ ਪਹਿਲੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ,ਜਿਸ ਵਿੱਚ ਸਕੂਲ ਦੇ ਖਿਡਾਰੀਆਂ ਨੇ ਜ਼ੋਨ ਪੱਧਰੀ ਖੇਡਾਂ ਵਿੱਚ ਹਾਕੀ ਅੰਡਰ-14 ਲੜਕੇ ਪਹਿਲਾ ਸਥਾਨ, ਅੰਡਰ-17 ਲੜਕੀਆਂ ਪਹਿਲਾ ਸਥਾਨ, ਅੰਡਰ-14 ਲੜਕੀਆਂ ਪਹਿਲਾ ਸਥਾਨ,ਅੰਡਰ-17 ਲੜਕੇ ਦੂਜਾ ਸਥਾਨ ਗੱਤਕਾ ਅੰਡਰ-17 ਲੜਕੇ ਪਹਿਲਾ ਸਥਾਨ ਅੰਡਰ-17 ਲੜਕੀਆਂ ਪਹਿਲਾ ਸਥਾਨ ਅੰਡਰ-14 ਲੜਕੀਆਂ ਪਹਿਲਾ ਸਥਾਨ ਚੈੱਸ ਅੰਡਰ-17 ਲੜਕੀਆਂ ਪਹਿਲਾ ਸਥਾਨ, ਅੰਡਰ-14 ਲੜਕੀਆਂ ਪਹਿਲਾ ਸਥਾਨ, ਅੰਡਰ 19 ਲੜਕੇ ਪਹਿਲਾ ਸਥਾਨ, ਹੈਂਡਬਾਲ ਅੰਡਰ-14 ਲੜਕੇ ਪਹਿਲਾ ਸਥਾਨ, ਅੰਡਰ 19 ਲੜਕੀਆਂ ਪਹਿਲਾ ਸਥਾਨ, ਅੰਡਰ-14 ਖੋ-ਖੋ ਲੜਕੇ ਤੀਜਾ ਸਥਾਨ ,ਅੰਡਰ-17 ਖੋ-ਖੋ ਲੜਕੇ ਤੀਜਾ ਸਥਾਨ,ਅੰਡਰ-17 ਖੋ-ਖੋ ਲੜਕੀਆਂ ਤੀਜਾ ਸਥਾਨ,ਅੰਡਰ 19 ਵਾਲੀਬਾਲ ਲੜਕੇ ਪਹਿਲਾ ਸਥਾਨ ਹਾਸਿਲ ਕੀਤਾ । ਪ੍ਰਿੰਸੀਪਲ ਜਸਵਿੰਦਰ ਸਿੰਘ ਬਰ੍ਹੇ ਵੱਲੋਂ ਜਿੱਥੇ ਬੱਚਿਆਂ ਨੂੰ ਇਹਨਾਂ ਜਿੱਤਾਂ ਲਈ ਵਧਾਈ ਦਿੱਤੀ , ਉੱਥੇ ਉਹਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਵੀ ਕੀਤੀ ਅਤੇ ਉਹਨਾਂ ਵੱਲੋਂ ਸਕੂਲ ਡੀ.ਪੀ.ਈ ਮੈਡਮ ਕਿਰਨਜੀਤ ਕੌਰ ਦੀ ਅਣਥੱਕ ਮਿਹਨਤ ਅਤੇ ਲਗਨ ਦੀ ਸ਼ਾਲਾਘਾ ਕੀਤੀ ।

ਉਹਨਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਜਿੱਥੇ ਸਰੀਰਕ ਤੰਦਰੁਸਤੀ ਵਧਾਉਂਦੀਆਂ ਹਨ, ਉੱਥੇ ਖਿਡਾਰੀਆਂ ਅੰਦਰ ਸਹਿਣਸ਼ੀਲਤਾਂ, ਹਮਦਰਦੀ ਵਰਗੇ ਚੰਗੇ ਗੁਣ ਵੀ ਪੈਦਾ ਕਰਦੀਆਂ ਹਨ।

# ਈ-ਸਰਮ ਕਾਰਡ ਜਾਰੀ ਕਰਵਾਉਣ ਲਈ ਰਜਿਸਟ੍ਰੇਸ਼ਨ ਕੈਂਪ 31 ਅਗਸਤ ਤੱਕ : ਡਿਪਟੀ ਕਮਿਸ਼ਨਰ

**ਬਠਿੰਡਾ,**
**-ਰੋਜ਼ਾਨਾ ਸਵੇਰਾ-**



ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਨੇ ਦੱਸਿਆ ਕਿ ਭਾਰਤ ਸਰਕਾਰ ਰੋਜ਼ਗਾਰ ਮੰਤਰਾਲੇ ਵਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਈ-ਸਰਮ ਕਾਰਡ ਜਾਰੀ ਕਰਵਾਉਣ ਲਈ ਸਮੂਹ ਕਾਮਨ ਸਰਵਿਸ ਸੈਂਟਰਾਂ ਵਿੱਚ ਮਜ਼ਦੂਰਾਂ ਦੇ ਰਜਿਸਟ੍ਰੇਸ਼ਨ ਕੈਂਪ 29, 30 ਅਤੇ 31 ਅਗਸਤ 2022 ਨੂੰ ਆਯੋਜਿਤ ਕੀਤੇ ਜਾਣਗੇ। ਉਨ੍ਹਾਂ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਕਿਰਤੀਆਂ ਨੂੰ ਰਜਿਸਟਰ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਨੇ ਹੋਰ ਦੱਸਿਆ ਕਿ ਸਮੂਹ ਕਾਮਨ ਸਰਵਿਸ ਸੈਂਟਰਾਂ ਚ ਅਨ-ਆਰਗੇਨਾਈਜ਼ਡ ਕਿਰਤੀ ਜਿਵੇਂ ਕਿ ਕੰਟਰਕਸ਼ਨ ਵਰਕਰ, ਮਾਈਗ੍ਰੇਟ ਵਰਕਰ, ਘਰੇਲੂ ਕਾਮੇ, ਖੇਤੀਬਾੜੀ ਕਾਮੇ, ਸਵੈ-ਰੋਜ਼ਗਾਰ ਕਾਮੇ, ਸੜਕ ਵਿਕਰੇਤਾ, ਛੋਟੇ ਦੁਕਾਨਦਾਰ, ਆਸਾ-ਵਰਕਰ, ਆਂਗਨਵਾੜੀ ਵਰਕਰ, ਮਛੇਰੇ, ਅਨ-ਆਰਗਨਾਈਜ਼ ਪਲਾਂਟੇਸ਼ਨ ਵਰਕਰ, ਦੁੱਧ ਵਾਲੇ ਕਾਮੇ ਅਤੇ ਅਨ-ਆਰਗਨਾਈਜ਼ਰ ਵਰਕਰ ਦੇ ਹੋਰ ਉਪ-ਸਮੂਹ ਕਾਮਿਆਂ ਨੂੰ ਈ-ਸਰਮ ਕਾਰਡ ਜਾਰੀ ਕਰਵਾਉਣ ਲਈ ਇਨ੍ਹਾਂ ਦੀ ਵੱਧ ਤੋਂ ਵੱਧ ਕੈਂਪਾਂ ਵਿੱਚ ਸ਼ਮੂਲੀਅਤ ਕਰਵਾਉਣੀ ਯਕੀਨੀ ਬਣਾਈ ਜਾਵੇ।

# ਅੰਡਰ-14 ਦੇ ਬੈਡਮਿੰਟਨ ਮੁਕਾਬਲੇ ਵਿੱਚ ਐੱਸ.ਆਰ .ਐੱਸ ਵਿੱਦਿਆਪੀਠ ਸਮਾਣਾ ਦੀਆਂ ਵਿਦਿਆਰਥਣਾਂ ਨੇ ਮਾਰੀ ਬਾਜ਼ੀ

**ਸਮਾਣਾ,**
**-ਰੋਜ਼ਾਨਾ ਸਵੇਰਾ-**

ਅੱਜ ਪਬਲਿਕ ਕਾਲਜ ਇਨਡੋਰ ਸਟੇਡੀਅਮ ਸਮਾਣਾ ਵਿੱਚ ਅੰਡਰ-14 ਲੜਕੀਆਂ ਦਾ ਬੈਡਮਿੰਟਨ ਦਾ ਮੁਕਾਬਲਾ ਕਰਵਾਇਆ ਗਿਆ । ਇਸ ਮੁਕਾਬਲੇ ਜ਼ੋਨ ਵਿੱਚ 12 ਸਕੂਲਾਂ ਨੇ ਭਾਗ ਲਿਆ ।ਜਿਸ ਵਿੱਚ ਐੱਸ. ਆਰ. ਐੱਸ ਵਿੱਦਿਆਪੀਠ ਸਮਾਣਾ ਦੀਆਂ ਵਿਦਿਆਰਥਣਾਂ ਪ੍ਰਿਆ ,ਗੁਰਸਿਮਰਤ ਅਤੇ ਵੰਸ਼ਿਕਾ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਤਾ -ਪਿਤਾ ਦਾ ਨਾਮ ਰੌਸ਼ਨ ਕੀਤਾ ।ਇਹਨਾਂ ਵਿਦਿਆਰਥਣਾਂ ਦੀ ਸਫਲਤਾ ਵਿੱਚ ਉਨ੍ਹਾਂ ਦੇ ਕੋਚ ਗੁਰਪ੍ਰੀਤ ਸਿੰਘ ਅਤੇ ਕੁਲਦੀਪ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ ।

ਇਸ ਮੌਕੇ ਤੇ ਸਕੂਲ ਦੇ ਚੇਅਰਮੈਨ ਸ੍ਰੀ ਅਮਿਤ ਸਿੰਗਲਾ ਜੀ ਨੇ ਸਕੂਲ ਦੀਆਂ ਵਿਦਿਆਰਥਣਾਂ ਨੂੰ ਉਹਨਾਂ ਦੀ ਸਫਲਤਾ ਤੇ ਵਧਾਈ ਦਿੱਤੀ ਅਤੇ ਉਹਨਾਂ ਦਾ ਹੌਸਲਾ ਵਧਾਇਆ ।

ਸਕੂਲ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਜੀ ਨੇ ਵੀ ਵਿਦਿਆਰਥਣਾਂ ਨੂੰ ਉਹਨਾਂ ਦੀ ਸ਼ਾਨਦਾਰ ਸਫਲਤਾ ਤੇ ਵਧਾਈ ਦਿੱਤੀ ਅਤੇ ਉਹਨਾਂ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਖੂਨ ਦਾਨ ਲਈ ਪ੍ਰੇਰਿਤ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨਾ ਚੰਗਾ ਉਪਰਾਲਾ: ਡਾਕਟਰ ਵਿਜੈ ਸਿੰਗਲਾ




**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਖੂਨ ਦਾਨ ਸੰਸਾਰ ਵਿੱਚ ਸਰਵੋਤਮ ਪ੍ਰਉਪਕਾਰ ਦੇ ਕਾਰਜ ਹਨ ਅਤੇ ਜੇਕਰ ਬੱਚੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਖੂਨ ਦਾਨ ਕਰਨ ਲਈ ਪ੍ਰੇਰਿਤ ਕਰਨ ਅਤੇ ਮਾਪਿਆਂ ਦੇ ਖੂਨ ਦਾਨ ਕਰਨ ਸਮੇਂ ਬੱਚੇ ਮਾਤਾ ਪਿਤਾ ਭੈਣ ਭਰਾ ਨਾਲ ਖੜੇ ਹੋਣ ? ਤਾਂ ਉਹ ਬੱਚੇ ਮਹਾਨ ਪ੍ਰਉਪਕਾਰੀ ਪੀੜਤਾਂ ਦੇ ਹਮਦਰਦ ਅਤੇ ਇਨਸਾਨੀਅਤ ਨੂੰ ਪ੍ਰੇਮ ਕਰਨ ਵਾਲੇ ਬਣ ਸਕਦੇ ਹਨ ਇਹ ਵਿਚਾਰ ਡਾ ਵਿਜੈ ਸਿੰਗਲਾ ਪ੍ਰਧਾਨ ਲਾਇਨਜ ਕਲੱਬ ਪਟਿਆਲਾ ਪ੍ਰੀਮੀਅਰ ਅਤੇ ਸਮਾਜ ਸੇਵੀ ਸ੍ਰੀ ਪਵਨ ਗੁਪਤਾ ਜੀ ਨੇ ਦਿੱਲੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਬਹਾਦਰੀ ਟਰਾਫੀਆਂ ਪ੍ਰਦਾਨ ਕਰਦੇ ਹੋਏ ਪ੍ਰਗਟ ਕੀਤੇ। ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਰੈਡ ਕਰਾਸ ਨੇ ਦਿੱਲੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ੍ਰੀ ਸੰਤੋਸ਼ ਸ਼ੁਕਲਾ ਜੀ ਡਾਕਟਰ ਰਿਸ਼ਮਾਂ ਕੋਹਲੀ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਉਦੱਮ ਦੀ ਪ੍ਰਸੰਸਾ ਕਰਦੇ ਕਿਹਾ ਕਿ ਸਕੂਲ ਹਮੇਸ਼ਾ ਮਾਨਵਤਾਵਾਦੀ ਕਾਰਜਾਂ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਖੂਨ ਦਾਨ ਕੈਂਪ ਵਿਖੇ ਸੱਭ ? ਤੋ ਪਹਿਲਾਂ ਪ੍ਰਿੰਸੀਪਲ ਸ੍ਰੀ ਸ਼ੁਕਲਾ ਜੀ ਅਤੇ ਇਨ੍ਹਾਂ ਦੇ ਬੇਟੇ ਨੇ ਆਪਣਾ ਖੂਨ ਦਾਨ ਕਰਕੇ ਸ਼ੁਰੂਆਤ ਕੀਤੀ। ਪ੍ਰਿੰਸੀਪਲ ਸ੍ ਨੇ ਕਿਹਾ ਕਿ ਦਿੱਲੀ ਪਬਲਿਕ ਸਕੂਲ ਦੀ ਮਨੇਜਮੈਂਟ ਦਾ ਮਿਸ਼ਨ ਹੈ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਤੋਰ ? ਤੇ ਇਨਸਾਨੀਅਤ ਵਾਤਾਵਰਨ ਸਹਿਣਸ਼ੀਲਤਾ ਪ੍ਰੇਮ ਹਮਦਰਦੀ ਅਮਨ ਸ਼ਾਂਤੀ ਅਤੇ ਇਮਾਨਦਾਰੀ ਨਾਲ ਜੋੜਿਆ ਜਾਵੇ ਅਤੇ ਬੱਚਿਆਂ ਦੇ ਦਿਲ ਦਿਮਾਗ ਭਾਵਨਾਵਾਂ ਵਿਚਾਰਾਂ ਆਦਤਾਂ ਅੰਦਰ ਧਰਤੀ ਵਾਤਾਵਰਨ ਮਾਨਵਤਾ ਫਰਜ਼ਾਂ ਮਰਿਆਦਾਵਾਂ ਪਰੰਪਰਾਵਾਂ ਪ੍ਰਤੀ ਵਫ਼ਾਦਾਰੀ ਜਗਾਈਂ ਜਾਵੇ।

# ਕੀ ਮਾਤਾ ਕੌਲਾਂ ਭਲਾਈ ਕੇਂਦਰ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ?

**ਅੰਮ੍ਰਿਤਸਰ,**
**-ਰੋਜ਼ਾਨਾ ਸਵੇਰਾ-**

ਭਾਰਤ ਦੇਸ਼ ਅੰਦਰ ਮੀਡੀਆ ਨੂੰ ਚੌਥਾ ਥੰਮ ਮੰਨਿਆ ਜਾਂਦਾ ਹੈ ਅਤੇ ਪੱਤਰਕਾਰਾਂ ਵੱਲੋਂ ਆਪਣੀ ਜਾਨ ਜੋਖਮ ਵਿੱਚ ਪਾਕੇ ਹਰ ਇੱਕ ਮੁੱਦੇ ਦੀ ਤਹਿ ਤੱਕ ਜਾਕੇ ਸੱਚ ਦੁਨੀਆ ਦੇ ਸਾਹਮਣੇ ਲਿਆਂਦਾ ਜਾਂਦਾ ਹੈ, ਜਦੋਂ ਅੱਜ ਸਵੇਰੇ ਤੜਕਸਾਰ ਸ਼ੋਸ਼ਲ ਮੀਡੀਆ ਤੇ ਵਾਇਰਲ ਹੋਈਆਂ ਤਸਵੀਰਾਂ ਨੂੰ ਮਾਤਾ ਕੌਲਾਂ ਭਲਾਈ ਕੇਂਦਰ ਕਰਕੇ ਦਰਸਾਇਆ ਗਿਆ ਜਿਸਦੇ ਆਧਾਰ ਤੇ ਜੰਡਿਆਲਾ ਪ੍ਰੈਸ ਕਲੱਬ ਦੇ ਪ੍ਰਧਾਨ ਵਰਿੰਦਰ ਸਿੰਘ ਮਲਹੋਤਰਾ ਆਪਣੀ ਟੀਮ ਸਮੇਤ ਸਰਾਂ ਰੋਡ ਜੰਡਿਆਲਾ ਗੁਰੂ ਵਿਖੇ ਸਥਿਤ ਭਲਾਈ ਕੇਂਦਰ ਵਿਖੇ ਪਹੁੰਚਕੇ ਇਸ ਬਾਰੇ ਜਾਣਕਾਰੀ ਲੈਣ ਗਏ ਤਾਂ ਇਕ ਬਹਾਨੇ ਦੇ ਤਹਿਤ ਉਹਨਾਂ ਨੇ ਕਿਹਾ ਕਿ ਕੀ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ ਅਸੀਂ ਦਰਸ਼ਨ ਕਰਨੇ ਹਨ ਲੇਕਿਨ ਉਥੇ ਮੌਜੂਦ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਦੀ ਆਗਿਆ ਨਹੀਂ ਹੈ । ਇਸ ਨੂੰ ਲੈਕੇ ਪ੍ਰਧਾਨ ਵਰਿੰਦਰ ਸਿੰਘ ਮਲਹੋਤਰਾ ਵੱਲੋਂ ਸੱਚ ਸਾਹਮਣੇ ਲਿਆਉਣ ਦੇ ਮੱਦੇਨਜ਼ਰ ਵੀਡੀਓ ਰਿਕਾਰਡਿੰਗ ਸ਼ੁਰੂ ਕਰ ਦਿਤੀ ਕਿ ਤੁਸੀ ਨਾਲ ਆ ਜਾਓ ਅਗਰ ਤੁਹਾਨੂੰ ਕੋਈ ਸ਼ੱਕ ਜਾਂ ਦਬਾਅ ਹੈ । ਵੀਡੀਓ ਰਿਕਾਰਡਿੰਗ ਸਮੇਤ ਜਦੋਂ ਬਿਲਡਿੰਗ ਦੇ ਉਪਰ ਜਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਗਏ ਅਤੇ ਉਸ ਤੋਂ ਬਾਅਦ ਜਿਸ ਕਮਰੇ ਵਿੱਚ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਭਾਏਮਾਨ ਸਨ ਉਸ ਕਮਰੇ ਦੀਆਂ ਅੱਗ ਲੱਗਣ ਦੀਆਂ ਫੋਟੋਆਂ ਵਾਇਰਲ ਹੋਈਆਂ ਸਨ ਉਸ ਉਪਰ ਪਰਦਾ ਪਾਉਣ ਲਈ ਕਮਰੇ ਨੂੰ ਪੇਂਟ ਅਤੇ ਫਰਨੀਚਰ ਦੀ ਰਿਪੇਅਰ ਕੀਤੀ ਜਾ ਰਹੀ ਸੀ । ਜਿਸ ਸਬੰਧੀ ਜਦੋਂ ਭਲਾਈ ਕੇਂਦਰ ਦੇ ਸੰਚਾਲਕ ਭਾਈ ਨਰਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਜਵਾਬ ਦੇਣ ਦੀ ਬਜਾਏ ਉਲਟਾ ਮੀਡੀਆ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਮੈਂ ਤੁਹਾਡੇ ਉਪਰ ਉਲਟਾ ਲੜਕੀਆਂ ਨਾਲ ਛੇੜਛਾੜ ਦਾ ਮਾਮਲਾ ਦਰਜ ਕਰਵਾ ਦੇਵਾਂਗਾ ।

ਖਬਰ ਲਿਖਣ ਤੱਕ ਪਤਾ ਸ਼ਹਿਰ ਦੀਆਂ ਸਿੱਖ ਜਥੇਬੰਦੀਆਂ ਵਿਚ ਚਰਚਾ ਸ਼ੁਰੂ ਹੋ ਗਈ ਕਿ ਨਿੱਕੇ ਜਿਹੇ ਕਮਰੇ ਵਿਚ ਜਿਥੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪਿਆ ਹੈ ਸਿਰਫ ਪਾਠੀ ਹੀ ਬੈਠ ਸਕਦਾ ਹੈ ਤਾਂ ਫਿਰ ਕੀ ਗੁਰਮਤਿ ਮਰਿਆਦਾ ਅਨੁਸਾਰ ਪੂਰੇ ਤਖਤ ਤੇ ਰਾਤ ਨੂੰ ਸੁੱਖ ਆਸਨ ਕਿਥੇ ਕੀਤਾ ਜਾਂਦਾ ਹੋਵੇਗਾ ? ਕੀ ਸ਼੍ਰੋਮਣੀ ਕਮੇਟੀ ਇਸ ਕਾਂਡ ਦੀ ਜਾਂਚ ਪੜਤਾਲ ਕਰੇਗੀ ?

# ਨਵੇਂ ਆਏ ਚੌਕੀ ਇੰਚਾਰਜ ਪ੍ਰੇਮ ਸਿੰਘ ਵੜੈਚ ਵੱਲੋਂ ਅਹੁਦਾ ਸੰਭਾਲਿਆ



**ਸਮਾਣਾ,**
**-ਰੋਜ਼ਾਨਾ ਸਵੇਰਾ-**

ਨੇੜਲੇ ਪਿੰਡ ਗਾਜੇਵਾਸ ਵਿੱਚ ਅੱਜ ਨਵੇਂ ਆਏ ਚੌਕੀ ਇੰਚਾਰਜ ਸ੍ਰ ਪ੍ਰੇਮ ਸਿੰਘ ਵੜੈਚ ਵੱਲੋਂ ਅਹੁਦਾ ਸੰਭਾਲਿਆ ਗਿਆ ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣਾਂ ਵੱਲੋਂ ਅਤੇ ਸਾਡੇ ਪੱਤਰਕਾਰ ਸਰਬਜੀਤ ਤਲਵੰਡੀ ਵੱਲੋਂ ਨਵੇਂ ਆਏ ਚੌਕੀ ਇੰਚਾਰਜ ਗਾਜੇਵਾਸ ਨੂੰ ਜੀ ਆਇਆਂ ਨੂੰ ਆਖਦਿਆਂ ਸਵਾਗਤ ਕੀਤਾ ਗਿਆ ਇਸ ਮੌਕੇ ਚੌਕੀ ਇੰਚਾਰਜ ਸ੍ਰ ਪ੍ਰੇਮ ਸਿੰਘ ਵੜੈਚ ਨੇ ਦੱਸਿਆ ਕਿ ਅੱਜ ਤੋਂ ਬਾਅਦ ਕਿਸੇ ਵੀ ਨਸ਼ਾ ਵੇਚਣ ਵਾਲੇ ਵਿਅਕਤੀ ਜਾ ਕਿਸੇ ਬਲੈਕੀਏ ਨੂੰ ਬਖਸ਼ਿਆ ਨਹੀਂ ਜਾਵੇਗਾ।

# ਸਾਹਿਤ ਸਿਰਜਣ ਮੁਕਾਬਲਿਆਂ 'ਚ ਬੱਪੀਆਣਾ ਸਕੂਲ ਦੀ ਵਧੀਆ ਕਾਰਗੁਜ਼ਾਰੀ



**ਹੀਰੋ ਖੁਰਦ,**
**-ਰੋਜ਼ਾਨਾ ਸਵੇਰਾ-**

ਭਾਸ਼ਾ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਅਫ਼ਸਰ ਮਾਨਸਾ ਤੇਜਿੰਦਰ ਕੌਰ ਅਤੇ ਜ਼ਿਲ੍ਹਾ ਖੋਜ ਅਫ਼ਸਰ ਗੁਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਕਰਵਾਏ ਜ਼ਿਲ੍ਹਾ ਪੱਧਰੀ ਸਾਹਿਤ ਸਿਰਜਣਾ ਦੇ ਮੁਕਾਬਲਿਆਂ ਵਿੱਚ ਬੱਪੀਆਣਾ ਸਕੂਲ ਦੀ ਸ਼ਾਨਦਾਰ ਕਾਰਗੁਜ਼ਾਰੀ ਰਹੀ।ਜਸਪ੍ਰੀਤ ਕੌਰ ਨੇ ਕਵਿਤਾ ਲਿਖਣ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਨਕਦ ਇਨਾਮ 1000 ਰੁਪਏ ਪ੍ਰਾਪਤ ਕੀਤਾ।

ਜਸ਼ਨਪ੍ਰੀਤ ਕੌਰ ਨੇ ਕਵਿਤਾ ਲਿਖਣ ਵਿੱਚ ਦੂਜਾ ਸਥਾਨ ਹਾਸਲ ਕੀਤਾ ਤੇ ਨਕਦ ਇਨਾਮ 750 ਰੁਪਏ ਪ੍ਰਾਪਤ ਕੀਤਾ।ਮਨਜੀਤ ਕੌਰ ਨੇ ਕਵਿਤਾ ਗਾਇਨ ਵਿਚ ਤੀਜਾ ਸਥਾਨ ਪ੍ਰਾਪਤ ਕੀਤਾ ਤੇ ਨਕਦ ਇਨਾਮ 500 ਰੁਪਏ ਪ੍ਰਾਪਤ ਕੀਤਾ।ਸਕੂਲ ਮੁਖੀ ਤੇ ਗਾਈਡ ਅਧਿਆਪਕ ਗੁਰਜੰਟ ਸਿੰਘ ਚਾਹਲ ਸਟੇਟ ਐਵਾਰਡੀ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸ਼ਾਬਾਸ਼ ਬੱਚਿਓ ਤੁਹਾਡੇ ਲੇਖਕ ਬਣਨ ਵੱਲ ਵਧਦੇ ਕਦਮਾਂ ਨੂੰ ਕਾਮਯਾਬੀ ਮਿਲੇ।ਉਹਨਾ ਦੱਸਿਆ ਕਿ ਮੌਕੇ 'ਤੇ ਮਿਲੇ ਵਿਸ਼ੇ 'ਤੇ ਸਾਹਿਤ ਸਿਰਜਣਾ ਬਹੁਤ ਵੱਡੀ ਗੱਲ ਹੈ ਅਤੇ ਇਹਨਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਸਦੀਆਂ ਹਨ ਕਿ ਇੱਕ ਦਿਨ ਇਹ ਵੱਡੇ ਲੇਖਕ ਬਣਗੇ।ਸ੍ਰੀ ਚਾਹਲ ਨੇ ਭਾਸ਼ਾ ਵਿਭਾਗ ਪੰਜਾਬ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਉਪਰਾਲੇ ਬੱਚਿਆਂ ਨੂੰ ਸਾਹਿਤ ਸਿਰਜਣਾ ਨਾਲ ਜੋੜਨ ਲਈ ਬਹੁਤ ਜ਼ਰੂਰੀ ਹਨ।ਸਕੂਲ ਵਲੋਂ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।

ਮੈਨੇਜ਼ਮੈਂਟ ਕਮੇਟੀ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਵਲੋਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ।ਇਸ ਮੌਕੇ ਅਧਿਆਪਕ ਸੋਨੀ ਸਿੰਗਲਾ,ਕਰਮਜੀਤ ਕੌਰ ਅਤੇ ਪਰਮਜੀਤ ਕੌਰ ਹਾਜ਼ਰ ਸਨ।

# ਸੰਯੁਕਤ ਕਿਸਾਨ ਮਜਦੂਰ ਮੋਰਚਾ ਟੌਸਾ ਦੀ ਮੀਟਿੰਗ ਕੀਤੀ

**ਬਲਾਚੌਰ,**
**-ਰੋਜ਼ਾਨਾ ਸਵੇਰਾ-**

ਸੰਯੁਕਤ ਕਿਸਾਨ ਮਜ਼ਦੂਰ ਮੋਰਚਾ ਟੌਸਾ ਦੀ ਮੀਟਿੰਗ ਸਾਥੀ ਦੀਵਾਨ ਚੰਦ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਾਥੀ ਕਰਨ ਸਿੰਘ ਰਾਣਾ ਜਿਲ੍ਹਾ ਕਨਵੀਨਰ ਨੇ ਕਿਹਾ ਕਿ ਜਿਲ੍ਹਾ ਪ੍ਰਸਾਸਨ ਨੇ 17 ਅਗਸਤ ਨੂੰ ਮੋਰਚੇ ਦੇ ਆਗੂਆਂ ਨਾ ਮੀਟਿੰਗ ਕਰਕੇ ਸਨਅਤੀ ਪ੍ਰਦੂਸ਼ਣ ਨੂੰ ਰੋਕਣ ਲਈ ਠੋਸ ਉਪਰਾਲੇ ਕਾਨੂੰਨ ਅਨੁਸਾਰ ਕਰਨ ਦਾ ਭਰੋਸਾ ਦਿੱਤਾ ਸੀ । ਹੁਣ ਪ੍ਰਸਾਸਨ ਕੁਝ ਦਿਨਾ ਦੇ ਵਿੱਚ ?ਤਿੰਨ ਧਿਰੀ ਮੀਟਿੰਗ ਬੁਲਾਵੇਗਾ ਜਿਸ ਵਿੱਚ ਮੋਰਚੇ ਵਲੋਂ ਅਧੀਕਾਰਤ ਟੀਮ ਫੈਕਟਦੇ ਪ੍ਰਬੰਧਕ ਅਤੇ ਪ੍ਰਸਾਸਨ ਦੇ ਅਧੀਕਾਰੀ ਸਾਮਿਲ ਹੋਵਗੇ।

ਲੰਪੀ ਚਮੜੀ ਰੋਗ ਨਾਲ ਅਤੇ ਪਸ਼ੂਆਂ ਦੇ ਮਾਲਕ ਕਿਸਾਨ ਅਤੇ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਲਈ ਸਰਕਾਰ ਦੇ ਸਹਿਮਤੀ ਦਿੱਤੀ ਹੈ ਅਤੇ ਜਲਦ ਹੀ ਸਰਵੇ ਹੋਵੇਗਾ ਅਸੀਂ ਮੰਗ ਕਰਦੇ ਹਾਂ ਕਿ ਇਨ੍ਹਾਂ ਇਨ੍ਹਾਂ ਐਲਾਨਾਂ ਤੇ ਸਰਕਾਰ ਤੁਰੰਤ ਅਮਲ ਸ਼ੁਰੂ ਕਰੇ ਪੰਜਾਬ ਪੱਧਰ ਤੇ ਸੰਘਰਸ਼ ਸ਼ੁਰੂ ਕਰਨ ਲਈ ਪੰਜਾਬ ਦੀਆਂ ਜਥੇਬੰਦੀਆਂ ਫ਼ੈਸਲਾ ਕਰਨਗੀਆਂ ।

ਸਾਥੀ ਰਾਣਾ ਨੇ ਜਾਣਕਾਰੀ ਦਿੱਤੀ ਕਿ ਜ਼ਿਲ੍ਹੇ ਅੰਦਰ ਪੱਕਾ ਮੋਰਚਾ ਸ਼ੁਰੂ ਕਰਨ ਸਬੰਧੀ ਜਥੇਬੰਦੀ ਦੀ ਜ਼ਿਲ੍ਹਾ ਪੱਧਰੀ ਕਮੇਟੀ ਸੱਤ ਸਤੰਬਰ ਨੂੰ ਹੋਣ ਵਾਲੀ ਮੀਟਿੰਗ ਵਿੱਚ ਕਰੇਗੀ ।ਉਨ੍ਹਾਂ ਅੱਗੇ ਦੱਸਿਆ ਕਿ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ ਸਮੁੱਚੇ ਜ਼ਿਲ੍ਹੇ ਅੰਦਰ ਉਸਾਰੀ ਮਜ਼ਦੂਰਾਂ ਦੀ ਜਥੇਬੰਦੀ ਕਾਇਮ ਕਰਨ ਲਈ ਪ੍ਰੋਗਰਾਮ ਉਲੀਕਿਆ ਗਿਆ ਹੈ ਜਿਸ ਦੀ ਸ਼ੁਰੂਆਤ ਇਕੱਤੀ ਦਸੰਬਰ ਨੂੰ ਪਿੰਡ ਟੌਂਸਾ ਤੋਂ ਸ਼ੁਰੂ ਕੀਤੀ ਜਾਵੇਗੀ ਇਕੱਤੀ ਦਸੰਬਰ ਨੂੰ ਪਿੰਡ ਟੌਂਸਾ ਵਿੱਚ ਉਸਾਰੀ ਮਜ਼ਦੂਰਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਪੰਜਾਬ ਅਤੇ ਜ਼ਿਲ੍ਹੇ ਦੇ ਆਗੂ ਪਹੁੰਚਣਗੇ। ਇਸ ਮੌਕੇ ਜਸਬੀਰ ਸਿੰਘ, ਪ੍ਰਤਾਪ ਸਿੰਘ ,ਰਾਣਾ ਬਿੱਟੂ ,ਮਿਸਤਰੀ ਦੇਵਰਾਜ ਕਾਮਰੇਡ, ਰਾਮ ਕਿਸ਼ਨ ਬਲਵਾਨ ਸਿੰਘ ਆਦਿ ਆਗੂ ਹਾਜ਼ਰ ਸਨ

# ਥਾਣਾ ਗੇਟ ਹਕੀਮਾਂ ਵੱਲੋਂ ਅੰਨ੍ਹੇ ਕਤਲ ਦੀ ਗੁੱਥੀ 12 ਘੰਟਿਆਂ 'ਚ ਸੁਲਝਾਈ

**ਅੰਮ੍ਰਿਤਸਰ,**
**-ਰੋਜ਼ਾਨਾ ਸਵੇਰਾ-**

ਕਮਿਸ਼ਨਰ ਪੁਲੀਸ, ਅੰਮ੍ਰਿਤਸਰ ਸ੍ਰੀ ਅਰੁਨ ਪਾਲ ਸਿੰਘ ਆਈ.ਪੀ.ਐਸ ਵੱਲੋਂ ਮੁਕੱਦਮੇ ਦੇ ਦੋਸ਼ੀਆਂ ਦੀ ਸ਼ਨਾਖਤ ਕਰ ਕੇ ਮੁਕੱਦਮਾ ਟ੍ਰੇਸ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਸੀ। ਜਿਸਦੇ ਤਹਿਤ ਸ੍ਰੀ ਮੁਖਵਿੰਦਰ ਸਿੰਘ ਭੁੱਲਰ, ਪੀ.ਪੀ .ਐੱਸ, ਡੀ.ਸੀ.ਪੀ, ਡਿਟੈਕਟਿਵ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਡਾ. ਮਹਿਤਾਬ ਸਿੰਘ ਆਈ.ਪੀ.ਐਸ,ਏ.ਡੀ.ਸੀ.ਪੀ ਸਿਟੀ-1, ਅੰਮ੍ਰਿਤਸਰ, ਸ੍ਰੀ ਅਜੇ ਗਾਂਧੀ ਆਈ.ਪੀ.ਐਸ, ਏ.ਡੀ.ਸੀ.ਪੀ ਸਥਾਨਕ, ਅੰਮ੍ਰਿਤਸਰ, ਸ੍ਰੀ ਹਰਜੀਤ ਸਿੰਘ ਧਾਰੀਵਾਲ ਪੀ.ਪੀ.ਐਸ, ਏ.ਡੀ.ਸੀ .ਪੀ ਡਿਟੈਕਟਿਵ, ਅੰਮ੍ਰਿਤਸਰ ਦੀ ਨਿਗਰਾਨੀ ਹੇਠ ਵੱਖ ਵੱਖ ਟੀਮਾਂ ਬਣਾ ਕੇ ਸ੍ਰੀ ਸੁਰਿੰਦਰ ਸਿੰਘ ਪੀ.ਪੀ.ਐਸ, ਏ.ਸੀ.ਪੀ ਸੈਂਟਰਲ ਅਤੇ ਮੁੱਖ ਅਫਸਰ ਥਾਣਾ ਗੇਟ ਹਕੀਮਾਂ ਅੰਮ੍ਰਿਤਸਰ ਇੰਸਪੈਕਟਰ ਮੋਹਿਤ ਕੁਮਾਰ ਸਮੇਤ ਪੁਲਿਸ ਪਾਰਟੀਆਂ ਵੱਲੋਂ ਮੁਕੱਦਮੇ





ਦੀ ਤਫਤੀਸ਼ ਹਰ ਪਹਿਲੂ ਤੋਂ ਕਰਦੇ ਹੋਏ, ਇਹ ਗੱਲ ਸਾਹਮਣੇ ਆਈ ਕਿ ਸੁਰਜੀਤ ਕੌਰ ਦੇ ਪਿਛਲੇ ਲੰਮੇ ਸਮੇਂ ਤੋ ਰਾਜਨਦੀਪ ਸਿੰਘ ਉਰਫ ਰਾਜਨ ਜੋ ਕਿ ਉਸ ਦਾ ਦੂਰ ਦਾ ਰਿਸ਼ਤੇਦਾਰ ਸੀ, ਉਸ ਨਾਲ ਨਜਾਇਜ ਸਬੰਧ ਸਨ। ਜਿਸ ਕਰਕੇ ਇਨ੍ਹਾਂ ਦੋਨਾਂ ਨੇ ਮ੍ਰਿਤਕ ਨਰਿੰਦਰ ਸਿੰਘ ਵੱਲੋਂ ਚੁੱਕੀ ਕਮੇਟੀ ਦੇ 58,000/- ਰੁਪਏ ਨੂੰ ਲੁੱਟਣ ਦੀ ਖਾਤਰ ਵਾਰਦਾਤ ਨੂੰ ਅੰਜਾਮ ਦਿੱਤਾ ਸੀ ।

ਜੋ ਕਿ ਸੁਰਜੀਤ ਕੌਰ ਪਤਨੀ ਲਖਬੀਰ ਸਿੰਘ ਵਾਸੀ ਪਿੰਡ ਮੂਲੇਚੱਕ ਅਤੇ ਰਾਜਨਦੀਪ ਸਿੰਘ ਉਰਫ ਰਾਜਨ ਪੁੱਤਰ ਬਲਬੀਰ ਸਿੰਘ ਵਾਸੀ ਮਕਾਨ ਨੰਬਰ 21, ਗਲੀ ਨੰਬਰ 5, ਸਾਹਮਣੇ ਪੁਲਸ ਹਸਪਤਾਲ, ਮਹਿਤਾ ਰੋਡ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਕੇ ਉਹਨਾ ਪਾਸੋ, ਲੁੱਟੇ ਹੋਏ 58,000/ਰੁਪਏ ਅਤੇ ਮੋਬਾਇਲ ਫੋਨ ਮਾਰਕਾ ਸੈਮਸੰਗ ਬਰਾਮਦ ਕਰ ਲਿਆ ਗਿਆ ਹੈ ਅਤੇ ਦੋਸ਼ੀ ਰਾਜਨਦੀਪ ਸਿੰਘ ਜਿਸ ਬੁਲਟ ਮੋਟਰਸਾਈਕਲ ਤੇ ਆਇਆ ਸੀ ਉਸ ਨੂੰ ਵੀ ਬਰਾਮਦ ਕਰ ਲਿਆ ਗਿਆ ਹੈ। ਗ੍ਰਿਫਤਾਰ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ।

# ਸਰਕਾਰੀ ਮਲਟੀਪਰਪਜ਼ ਸਕੂਲ ਨੇ ਲਗਾਇਆ ਇੱਕ ਰੋਜ਼ਾ ਐਨ.ਐਸ.ਐਸ. ਕੈਂਪ

## ਮੇਰਾ ਸ਼ਹਿਰ ਮੇਰਾ ਮਾਣ ਮੁਹਿੰਮ ਤਹਿਤ ਵਾਤਾਵਰਨ ਪਾਰਕ ਦੀ ਸੁੰਦਰਤਾ ਲਈ ਵਲੰਟੀਅਰਜ਼ ਨੇ ਸ਼ੁਰੂ ਕੀਤੀ ਸਫ਼ਾਈ ਮੁਹਿੰਮ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਡਾਇਰੈਕਟਰ ਯੁਵਕ ਸੇਵਾਵਾਂ ਰਾਜੇਸ਼ ਧੀਮਾਨ ਦੇ ਨਿਰਦੇਸ਼ਾਂ 'ਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪਟਿਆਲਾ ਡਾ. ਦਿਲਵਰ ਸਿੰਘ ਦੀ ਨਿਗਰਾਨੀ ਹੇਠ 'ਮੇਰਾ ਸ਼ਹਿਰ ਮੇਰਾ ਮਾਣ' ਮੁਹਿੰਮ ਤਹਿਤ ਵਾਤਾਵਰਣ ਪਾਰਕ ਦੀ ਸੁੰਦਰਤਾ ਬਣਾਈ ਰੱਖਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਮਲਟੀਪਰਪਜ਼ ਸਕੂਲ ਵੱਲੋਂ ਵਿਸ਼ੇਸ਼ ਤੌਰ 'ਤੇ ਇਕ ਰੋਜ਼ਾ ਐਨ.ਐਸ.ਐਸ. ਕੈਂਪ ਲਗਾਇਆ ਗਿਆ ਜਿਸ 'ਚ 50 ਵਲੰਟੀਅਰਜ਼ ਨੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਲੈਕਚਰਾਰ ਰਵਿੰਦਰ ਸਿੰਘ ਅਤੇ ਹਰਿੰਦਰ ਕੌਰ ਦੀ ਦੇਖਰੇਖ 'ਚ ਪਾਰਕ ਦੀ ਸਾਫ਼ ਸਫ਼ਾਈ ਅਤੇ ਜਾਗਰੂਕਤਾ ਮੁਹਿੰਮ 'ਚ ਹਿੱਸਾ ਲਿਆ।


ਐਨ.ਐਸ.ਐਸ. ਵਲੰਟੀਅਰਜ਼ ਵਾਤਾਵਰਨ ਪਾਰਕ ਦੀ ਸਫ਼ਾਈ ਕਰਦੇ ਹੋਏ।

ਇਸ ਮੌਕੇ ਐਨ.ਐਸ.ਐਸ. ਪ੍ਰੋਗਰਾਮ ਆਫ਼ੀਸਰਜ਼ ਅਤੇ ਵਲੰਟੀਅਰਜ਼ ਦਾ ਸਵਾਗਤ ਕਰਨ ਲਈ ਵਾਤਾਵਰਣ ਪਾਰਕ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਜਨਰਲ ਸਕੱਤਰ ਅਮਰਜੀਤ ਸਿੰਘ (ਕੈਂਪ ਕੋਆਰਡੀਨੇਟਰ), ਐਮ.ਐਸ. ਬਰਾੜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਫ਼ਾਈ ਮੁਹਿੰਮ ਦੌਰਾਨ ਜਿਥੇ ਐਨ.ਐਸ.ਐਸ. ਵਲੰਟੀਅਰਜ਼ ਨੇ ਪਾਰਕ ਵਿਚਲੀ ਨਹਿਰ ਦੀ ਸਾਫ਼-ਸਫ਼ਾਈ ਕੀਤੀ ਉੱਥੇ ਪੱਤਿਆਂ ਦੀ ਸੰਭਾਲ ਅਤੇ ਰੋਜ਼ਾਨਾ ਸੈਰ ਕਰਨ ਵਾਲਿਆਂ ਨੂੰ ਪਲਾਸਟਿਕ ਦੇ ਮਾੜੇ ਪ੍ਰਭਾਵਾਂ ਤੋਂ ਵੀ ਜਾਣੂ ਕਰਵਾਇਆ।

ਵਾਤਾਵਰਨ ਪਾਰਕ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ ਨੇ ਡਾਇਰੈਕਟਰ ਰਾਜੇਸ਼ ਧੀਮਾਨ, ਸਹਾਇਕ ਡਾਇਰੈਕਟਰ ਡਾ.ਦਿਲਵਰ ਸਿੰਘ ਅਤੇ ਪ੍ਰਿੰਸੀਪਲ ਤੋਤਾ ਸਿੰਘ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸਵੱਛਤਾ ਅਤੇ ਉਸ ਦੇ ਮਹੱਤਵ ਬਾਰੇ ਵੀ ਜਾਗਰੂਕ ਕੀਤਾ। ਕੈਂਪ ਵਿਚ ਵਿਸ਼ੇਸ਼ ਤੌਰ ਤੇ ਪੁੱਜੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫੀਲਖਾਨਾ ਮਨੋਜ ਥਾਪਰ ਅਤੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਸਰਕਾਰੀ ਆਈ.ਟੀ.ਆਈ. ਲੈਫ਼ਟੀਨੈਂਟ ਜਗਦੀਪ ਸਿੰਘ ਜੋਸ਼ੀ ਨੇ ਵਿਦਿਆਰਥੀਆਂ ਨੂੰ ਐਨ.ਐਸ.ਐਸ. ਦੇ ਪ੍ਰੋਗਰਾਮਾਂ ਅਤੇ ਕੌਮੀ ਸੇਵਾ ਯੋਜਨਾ ਦੇ ਮਹੱਤਵ ਤੋਂ ਜਾਣੂ ਕਰਵਾਇਆ।

ਇਸ ਮੌਕੇ ਸਹਾਇਕ ਡਾਇਰੈਕਟਰ ਡਾ. ਦਿਲਵਰ ਸਿੰਘ ਨੇ ਕਿਹਾ ਕਿ ਕੌਮੀ ਸੇਵਾ ਯੋਜਨਾ ਰਾਹੀਂ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੂੰ ਜਿੱਥੇ ਵਾਤਾਵਰਨ ਸੰਭਾਲ ਦੇ ਨਾਲ ਜੋੜਿਆ ਜਾ ਰਿਹਾ ਹੈ ਉੱਥੇ ਹੱਥੀਂ ਕਿਰਤ ਦੇ ਮਹੱਤਵ ਨੂੰ ਵੀ ਵਲੰਟੀਅਰਜ਼ ਦੇ ਵਿੱਚ ਹਰਮਨ ਪਿਆਰਾ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਤੇ ਹਦਾਇਤਾਂ ਤਹਿਤ ਕੌਮੀ ਸੇਵਾ ਯੋਜਨਾ ਪਿੰਡਾਂ ਅਤੇ ਸ਼ਹਿਰਾਂ ਵਿੱਚ ਨੌਜਵਾਨਾਂ ਦੀ ਊਰਜਾ ਨੂੰ ਚੰਗੇ ਕੰਮਾਂ ਵਿੱਚ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕੈਂਪ ਸਮਾਪਤੀ ਉਪਰੰਤ ਅਮਰਜੀਤ ਸਿੰਘ ਚੌਹਾਨ ਸਕੱਤਰ ਵਾਤਾਵਰਨ ਪਾਰਕ ਪਟਿਆਲਾ ਵੱਲੋਂ ਵਲੰਟੀਅਰਜ਼ ਨੂੰ ਪਲਾਸਟਿਕ ਮੁਕਤ ਮੁਹਿੰਮ ਤਹਿਤ ਕੱਪੜੇ ਦੇ ਥੈਲੇ ਵੀ ਵੰਡੇ ਗਏ।

ਕੈਂਪ ਦੇ ਵਿੱਚ ਵਿਸ਼ੇਸ਼ ਤੌਰ 'ਤੇ ਵਾਤਾਵਰਣ ਪਾਰਕ ਸੋਸਾਇਟੀ ਪਟਿਆਲਾ ਵੱਲੋਂ ਸੁਖਦੇਵ ਸਿੰਘ ਵਿਰਕ, ਸੁਖਦੇਵ ਸਿੰਘ ਸੰਧੂ, ਗੱਜਣ ਸਿੰਘ, ਡਾ. ਅਨਿਲ ਗਰਗ, ਆਰ.ਐਸ. ਨਲਿਨਾ, ਰਾਕੇਸ਼ ਬੈਂਸ, ਹਰਪ੍ਰੀਤ ਅਤੇ ਵਾਤਾਵਰਣ ਪਾਰਕ ਦੀ ਸੁਸਾਇਟੀ ਦੇ ਕਈ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

# ਸਿਹਤ ਵਿਭਾਗ ਦੇ ਕੱਟੇ ਭੱਤਿਆ ਨੂੰ ਲਾਗੂ ਕਰਵਾਉਣ ਅਤੇ ਮਲਟੀਪਰਪਜ਼ ਕੇਡਰ ਦੀਆ ਹੋਰ ਮੰਗਾ ਸਬੰਧੀ ਸੰਘਰਸ ਦਾ ਐਲਾਨ

**ਬਠਿੰਡਾ,**
**-ਰੋਜ਼ਾਨਾ ਸਵੇਰਾ-**



ਸਿਹਤ ਵਿਭਾਗ ਦੇ ਮੁਲਾਜ਼ਮਾਂ ਮਲਟੀਪਰਪਜ਼ ਹੈਲਥ ਵਰਕਰ ਮੇਲ ਫੀਮੇਲ ਅਤੇ ਸੁਪਰਵਾਈਜ਼ਰ ਮੇਲ ਫੀਮੇਲ ਦੇ ਪਿਛਲੀ ਸਰਕਾਰ ਵਲੋ ਨਵੰਬਰ 2021ਵਿੱਚ ਕੁਝ ਭੱਤੇ ਸਫਰੀ ਭੱਤਾ ,ਵਰਦੀ ਡਾਈਟ ਭੱਤਾ ਅਤੇ ਹੋਰ ਸਾਝੇ ਭੱਤੇ ਪੈਡੂ ਭੱਤਾ ,ਬਾਰਡਰ ਭੱਤਾ ,ਅੰਗਹੀਣ ਭੱਤੇ ਸਮੇਤ ਕੁਝ ਹੋਰ ਭੱਤੇ ਬੰਦ ਕਰ ਦਿੱਤੇ ਸਨ ਇਸ ਸਬੰਧੀ ਪਿਛਲੀ ਸਰਕਾਰ ਟਾਈਮ ਵੀ ਮੁਲਾਜਮਾ ਨੇ ਸੰਘਰਸ ਕੀਤਾ ਇਸ ਟਾਈਮ ਦੀ ਸਰਕਾਰ ਨੂੰ ਮੰਗ ਪੱਤਰ ਦਿੱਤੇ ਪਰ ਇਸ ਸਰਕਾਰ ਨੇ ਹੁਣ ਤੱਕ ਇੰਨਾ ਭੱਤਿਆ ਨੂੰ ਬਹਾਲ ਨਹੀ ਕੀਤਾ ।

ਇਸ ਸਬੰਧੀ ਇੰਨਾ ਮੁਲਾਜਮਾ ਦੀ ਜਥੇਬੰਦੀ ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ ਫੀਮੇਲ ਯੂਨੀਅਨ ਪੰਜਾਬ ਦੇ ਸੁਬਾਈ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ,ਸੁਬਾਈ ਸੀਨੀਅਰ ਮੀਤ ਪ੍ਰਧਾਨ ਰਣਦੀਪ ਸਿੰਘ ਫਤਿਹਗੜ੍ਹ ,ਮੀਤ ਪ੍ਰਧਾਨ ਪ੍ਰਭਜੀਤ ਵੇਰਕਾ ,ਹਰਜੀਤ ਸਿੰਘ ਖੇਮਕਰਨ ,ਅਵਤਾਰ ਸਿੰਘ ਗੰਢੂਆ ਅਤੇ ਹੋਰ ਆਗੂਆ ਦੀ ਅਗਵਾਈ ਹੇਠ ਲਇਕ ਹੰਗਾਮੀ ਮੀਟਿੰਗ ਹੋਈ ਮੀਟਿੰਗ ਵਿੱਚ ਕੱਟੇ ਭੱਤਿਆ ਅਤੇ ਮਲਟੀਪਰਪਜ਼ ਕੇਡਰ ਦੀ ਨਾਮ ਬਦਲੀ ,ਅਤੇ ਕੰਟਰੇਕਟ ਦੇ ਕੰਮ ਕਰਦੇ ਮੁਲਾਜਮਾ ਨੂੰ ਰੈਗਲੂਰ ਕਰਵਾਉਣ ਲਈ ਅਤੇ ਹੋਰ ਮੰਗਾ ਸਬੰਧੀ ਅਗਲੇ ਦਿਨਾ ਵਿੱਚ ਵਿੱਤ ਮੰਤਰੀ ਪੰਜਾਬ ਅਤੇ ਸਿਹਤ ਮੰਤਰੀ ਪੰਜਾਬ ਨੂੰ ਮਿਲ ਕਿ ਮੰਗਾ ਦੇ ਹੱਲ ਸਬੰਧੀ ਮੰਗ ਪੱਤਰਾ ਦੇ ਯਾਦ ਪੱਤਰ ਦਿੱਤੇ ਜਾਣਗੇ ਜੇਕਰ ਸਰਕਾਰ ਨੇ ਹੰਗਾਰਾ ਨਾ ਭਰਿਆ ਤਾ ਦੋਵੇ ਮੰਤਰੀਆ ਦੀ ਰਹਾਇਸ ਤੱਕ ਰੋਸ ਮਾਰਚ ਕੀਤੇ ਜਾਣਗੇ ਇਸ ਮੌਕੇ ਜਥੇਬੰਦੀ ਦੇ ਆਗੂ ਜਗਤਾਰ ਸਿੰਘ ਸੋਢੀ ,ਗੁਰਪ੍ਰੀਤ ਭਾਦਸੋ ,ਜਸਵਿੰਦਰ ਪੰਧੇਰ ,ਪਰਮਿੰਦਰ ਮਲੋਦ ,ਗਗਨਦੀਪ ਸਿੰਘ ਖਾਲਸਾ , ਦਲਜੀਤ ਢਿਲੋ ,ਕੁਲਵਿੰਦਰ ਸਿੱਧੂ ,ਪਰਮਿੰਦਰ ਸਿੰਘ ਤਾਰਨਤਾਰਨ ,ਨਿਸਾਨ ਸਿੰਘ ਗੁਰਦਾਸਪੁਰ, ਸੁਖਰਾਜ ਜਲੰਧਰ ,ਹਰਜਿੰਦਰ ਸਿੰਘ ਬਰਨਾਲਾ , ਕੁਲਵਿੰਦਰ ਸਿੱਧੂ ਬਲਜਿੰਦਰ ਸਿੰਘ ਬਰਨਾਲਾ ,ਪਰਮਿੰਦਰ ਸਿੰਘ ਲੁਧਿਆਣਾ ,,ਸਵਰਨਜੀਤ ਸਿੰਘ ,ਦੀਦਾਰ ਸਿੰਘ ,ਸਮੇਤ ਹੋਰ ਹਾਜਰ ਸਨ।

# ਹਰੀਏ ਨੀ ਰਸ ਭਰੀਏ ਖਜੂਰੇ...

ਪ੍ਰੋ. ਬੇਅੰਤ ਸਿੰਘ ਬਾਜਵਾ

ਪੰਜਾਬੀ ਵਿਆਹਾਂ ਵਿਚ ਜਿੱਥੇ ਰੀਤੀ ਰਿਵਾਜ ਰਸਮਾਂ ਨਿਭਾਈਆਂ ਜਾਂਦੀਆਂ ਹਨ, ਉੱਥੇ ਹੀ ਵਿਆਹਾਂ ਵਿਚ ਸੁਹਾਗ, ਘੋੜੀਆਂ, ਸਿੱਠਣੀਆਂ, ਬੋਲੀਆਂ ਆਦਿ ਵੀ ਗਾਏ ਜਾਂਦੇ ਹਨ। ਅੱਜ ਆਪਾਂ ਹੱਥਲੇ ਲੇਖ ਵਿਚ ਸੁਹਾਗ ਦੇ ਗੀਤਾਂ ਦੀ ਗੱਲ ਕਰਾਂਗੇ ਕਿਉਂਕਿ ਵਿਆਹ ਵਿਚ ਸੁਹਾਗ ਦੇ ਗੀਤ ਗਾਉਣੇ ਵੀ ਆਪਣੀ ਖ਼ਾਸ ਤੇ ਨਿਵੇਕਲੀ ਥਾਂ ਰੱਖਦੇ ਹਨ। ਸੁਹਾਗ ਕੁੜੀ ਦੇ ਵਿਆਹ ਵੇਲੇ ਪਰਿਵਾਰ ਅਤੇ ਰਿਸ਼ਤੇਦਾਰਾਂ ਵੱਲੋਂ ਗਾਏ ਜਾਣ ਵਾਲੇ ਗੀਤਾਂ ਨੂੰ ਕਿਹਾ ਜਾਂਦਾ ਹੈ, ਜਦ ਕਿ ਮੁੰਡੇ ਦੇ ਘਰ ਗਾਏ ਜਾਣ ਵਾਲੇ ਗੀਤਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ।

## ਪੰਜਾਬੀ ਸੱਭਿਆਚਾਰ

ਪੰਜਾਬੀ ਸੱਭਿਆਚਾਰ ਵਿਚ ਕੁੜੀ ਦੇ ਵਿਆਹ ਤੋਂ ਇੱਕੀ ਦਿਨ ਪਹਿਲਾਂ, ਗਿਆਰਾਂ ਦਿਨ ਪਹਿਲਾਂ ਜਾਂ ਸੱਤ ਦਿਨ ਪਹਿਲਾਂ ਵਿਆਹ ਵਾਲੀ ਕੁੜੀ ਦੇ ਘਰ ਸੁਹਾਗ ਗਾਉਣੇ ਸ਼ੁਰੂ ਹੋ ਜਾਂਦੇ ਹਨ। ਇਹ ਗੀਤ ਵਿਆਹ ਵਾਲੀ ਕੁੜੀ ਦੇ ਘਰ ਆਂਢ-ਗੁਆਂਢ ਦੀਆਂ ਕੁੜੀਆਂ, ਰਿਸ਼ਤੇਦਾਰ ਅਤੇ ਜਨਾਨੀਆਂ ਖ਼ੁਸ਼ੀ ਦੇ ਮਾਹੌਲ ਵਿਚ ਗਾਉਂਦੀਆਂ ਹਨ ਅਤੇ ਇਨ੍ਹਾਂ ਵਿਚ ਜਵਾਨ ਹੋ ਰਹੀਆਂ ਕੁੜੀਆਂ ਦੀਆਂ ਆਸਾਂ, ਸੁਪਨਿਆਂ ਅਤੇ ਚਾਵਾਂ ਮਲ੍ਹਾਰਾਂ ਦਾ ਭਰਪੂਰ ਪ੍ਰਗਟਾ ਹੁੰਦਾ ਹੈ। ਇਨ੍ਹਾਂ ਲੋਕ ਗੀਤਾਂ ਵਿਚ ਵਿਆਹੀ ਜਾਣ ਵਾਲੀ ਕੁੜੀ ਦੇ ਪੇਕੇ ਪਰਿਵਾਰ ਦੇ ਜੀਆਂ ਨਾਲ ਵੱਖ-ਵੱਖ ਰਿਸ਼ਤੇ ਅਤੇ ਫਿਰ ਸਹੁਰੇ ਘਰ ਵਿਚ ਨਵੇਂ ਬਣੇ ਰਿਸ਼ਤਿਆਂ ਬਾਰੇ ਵਾਰ-ਵਾਰ ਜ਼ਿਕਰ ਕੀਤਾ ਜਾਂਦਾ ਹੈ। ਸੁਹਾਗ ਦੇ ਗੀਤਾਂ ਵਿਚ ਰਿਸ਼ਤਿਆ ਦੇ ਤਾਣੇ ਬਾਣੇ ਦਾ ਕਿਤੇ ਨਿੱਘ ਹੈ ਅਤੇ ਕਿਤੇ ਤਣਾਉ ਦਾ ਅਹਿਸਾਸ ਹੁੰਦਾ ਹੈ।

## ਪਰਿਵਾਰ ਤੋਂ ਵਿਛੜਨ ਦੀ ਘੜੀ

ਸੁਹਾਗ ਦੇ ਲੋਕ ਗੀਤਾਂ ਵਿਚ ਧੀ ਲਈ ਬਾਬਲ ਰਾਜਾ ਹੈ। ਉਸ ਦਾ ਘਰ ਮਹਿਲ ਹੈ। ਬਾਹਰ ਬਾਗ਼ ਹਨ ਅਤੇ ਜਿਸ ਵਿਚ ਚੰਨਣ ਦੇ ਰੁੱਖ ਲੱਗੇ ਹਨ ਤੇ ਤਲਾਅ ਹਨ ਤੇ ਚੰਬਾ ਖਿੜਦਾ ਹੈ। ਇਸ ਤਰ੍ਹਾਂ ਬਾਬਲ ਇਕ ਰਾਜੇ ਵਾਂਗ ਹੈ ਪਰ ਉਹ ਧੀ ਵਿਆਹੁਦਾ ਜਾਣੋ ਨਿਵ ਜਾਂਦਾ ਹੈ। ਧੀ ਦੇ ਪੇਕੇ ਪਰਿਵਾਰ ਤੋਂ ਵਿਛੜਨ ਦੀ ਘੜੀ ਬਹੁਤ ਭਾਵੁਕਤਾ ਵਾਲੀ ਹੁੰਦੀ ਹੈ। ਉਸ ਮੌਕੇ ਇਕੱਲਾ ਬਾਬਲ ਹੀ ਨਹੀਂ ਸਾਰਾ ਪਰਿਵਾਰ ਤੇ ਸਾਕ ਸਬੰਧੀ ਰੋਂਦੇ ਹਨ। ਸੁਹਾਗ ਗਾਉਣ ਵਾਲੇ ਦੀ ਉਪ ਭਾਸ਼ਾ ਅਨੁਸਾਰ ਸ਼ਬਦਾਂ ਦਾ ਰੂਪ ਕੁਝ ਬਦਲ ਜਾਂਦਾ ਹੈ। ਜਿਵੇਂ ਦਾਹੜੀ ਤੋਂ ਦਾਅੜੀ, ਦੇਵੀਂ ਤੋਂ ਦੇਈਂ, ਨਿਵਿਆਂ ਤੋਂ ਨਿਮਿਆਂ। ਇਸੇ ਤਰ੍ਹਾਂ ਰਸ ਦੀ ਲੋੜ ਅਨੁਸਾਰ ਸਾਡੜੇ (ਸਾਡੇ), ਬੇਟੜੀ (ਬੇਟੀ), ਵੱਡੜਾ (ਵੱਡਾ), ਬਾਹਲੜੇ (ਬਹੁਤੇ), ਡੱਬੜੇ (ਡੱਬੇ), ਹੁੰਦੜੀ (ਹੁੰਦੀ) ਆਦਿ ਸ਼ਬਦ ਵਰਤੇ ਜਾਂਦੇ ਹਨ। ਸੁਹਾਗ ਦੇ ਗੀਤ ਭਾਵ ਅਤੇ ਬਣਤਰ ਪੱਖੋਂ ਸਰਲ ਹਨ। ਇਨ੍ਹਾਂ ਵਿਚ ਦੁਹਰਾ ਹੈ। ਪ੍ਰਕਿਰਤੀ ਦੀਆਂ ਨਿਰਮਲ ਛੋਹਾਂ ਹਨ ਅਤੇ ਗਾਉਣ ਲਈ ਲੈਅ ਤੇ ਰਵਾਨੀ ਹੈ। ਜਿਸ ਦੀ ਝਲਕ ਹੇਠ ਦਿੱਤੀਆਂ ਸੁਹਾਗ ਦੀਆਂ ਵੰਨਗੀਆਂ ਦੇਖਣ ਨੂੰ ਮਿਲਦੀਆਂ ਹਨ :

*ਚੜ੍ਹ ਚੁਬਾਰੇ ਸੁੱਤਿਆ ਬਾਬਲ,*
*ਆਈ ਬਨੇਰੇ ਦੀ ਛਾਂ।*
*ਤੂੰ ਸੁੱਤਾ ਲੋਕੀਂ ਜਾਗਦੇ,*
*ਘਰ ਬੇਟੜੀ ਹੋਈ ਮੁਟਿਆਰ।*
*ਛੰਨਾ ਤਾਂ ਭਰਿਆ ਦੁੱਧ ਦਾ ਵਾਰੀ,*
*ਨਾਵਣ ਚੱਲੀ ਆਂ ਤਲਾ।*
*ਮੈਲ਼ ਹੋਵੇ ਝੱਟ ਝੜ ਜਾਵੇ ਵਾਰੀ,*
*ਰੂਪ ਨਾ ਝੜਿਆ ਜਾ।*
*ਮਾਏ ਨੀ ਸੁਣ ਮੇਰੀਏ ਵਾਰੀ,*
*ਬਾਬਲ ਮੇਰੇ ਨੂੰ ਸਮਝਾ।*
*ਸਾਡੇ ਤਾਂ ਹਾਣ ਦੀਆਂ ਸਾਵਰੇ ਵਾਰੀ,*
*ਸਾਡੜੇ ਮਨ ਵਿਚ ਚਾ।*
*ਬਾਬਲ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ,*
*ਮਾਈ ਨੇ ਦਰਿਆ ਚਲਾ।*
*ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ,*
*ਭਾਬੋ ਦੇ ਮਨ ਵਿਚ ਚਾ।*

*ਚੜ੍ਹ ਚੁਬਾਰੇ ਸੁੱਤਿਆ ਚਾਚਾ,*
*ਆਈ ਬਨੇਰੇ ਦੀ ਛਾਂ।*
*ਤੂੰ ਸੁੱਤਾ ਲੋਕੀਂ ਜਾਗਦੇ,*
*ਘਰ ਭਤੀਜੀ ਹੋਈ ਮੁਟਿਆਰ।*
*ਛੰਨਾ ਤਾਂ ਭਰਿਆ ਦੁੱਧ ਦਾ ਵਾਰੀ,*
*ਨਾਵਣ ਚੱਲੀ ਆਂ ਤਲਾ।*
*ਮੈਲ਼ ਹੋਵੇ ਝੱਟ ਝੜ ਜਾਵੇ ਵਾਰੀ,*
*ਰੂਪ ਨਾ ਝੜਿਆ ਜਾ।*
*ਚਾਚੀ ਨੀ ਸੁਣ ਮੇਰੀਏ ਵਾਰੀ,*
*ਚਾਚੇ ਮੇਰੇ ਨੂੰ ਸਮਝਾ।*

-------

*-ਹਰੀਏ ਨੀ ਰਸ ਭਰੀਏ ਖਜੂਰੇ,*
*ਕਿਨ ਦਿੱਤਾ ਐਡੀ ਦੂਰੇ।*
*ਬਾਬਲ ਮੇਰਾ ਦੇਸਾਂ ਦਾ ਰਾਜਾ,*
*ਉਸ ਦਿੱਤਾ ਐਡੀ ਦੂਰੇ।*
*ਮਾਤਾ ਮੇਰੀ ਮਹਿਲਾਂ ਦੀ ਰਾਣੀ।*
*ਦਾਜ ਦਿੱਤਾ ਗੱਡ ਪੂਰੇ।*
*ਹਰੀਏ ਨੀ ਰਸ ਭਰੀਏ ਖਜੂਰੇ,*
*ਕਿਨ ਦਿੱਤਾ ਐਡੀ ਦੂਰੇ।*
*ਚਾਚਾ ਮੇਰਾ ਦੇਸਾਂ ਦਾ ਰਾਜਾ,*
*ਉਸ ਦਿੱਤਾ ਐਡੀ ਦੂਰੇ।*
*ਚਾਚੀ ਮੇਰੀ ਮਹਿਲਾਂ ਦੀ ਰਾਣੀ।*
*ਦਾਜ ਦਿੱਤਾ ਗੱਡ ਪੂਰੇ।*
*ਹਰੀਏ ਨੀ ਰਸ ਭਰੀਏ ਖਜੂਰੇ,*
*ਕਿਨ ਦਿੱਤਾ ਐਡੀ ਦੂਰੇ।*
*ਮਾਮਾ ਮੇਰਾ ਦੇਸਾਂ ਦਾ ਰਾਜਾ,*
*ਉਸ ਦਿੱਤਾ ਐਡੀ ਦੂਰੇ।*
*ਮਾਮੀ ਮੇਰੀ ਮਹਿਲਾਂ ਦੀ ਰਾਣੀ।*
*ਦਾਜ ਦਿੱਤਾ ਗੱਡ ਪੂਰੇ।*

## ਅਜੋਕੀ ਪੀੜ੍ਹੀ

ਅਜੋਕੇ ਵਿਆਹਾਂ ਵਿਚ ਸੁਹਾਗ ਦੇ ਗੀਤ ਬਹੁਤ ਘੱਟ ਹੀ ਗਾਏ ਜਾਂਦੇ ਹਨ। ਸਿਰਫ਼ ਖਾਨਾਪੂਰਤੀ ਲਈ ਹੀ ਇਕ ਦਿਨ ਜਨਾਨੀਆਂ ਵਿਆਹ ਵਾਲੀ ਕੁੜੀ ਦੇ ਘਰ ਇਕੱਤਰ ਹੋ ਕੇ ਗੀਤ ਗਾਉਂਦੀਆਂ ਹਨ। ਜੋ ਮਹਿਜ ਦੋ ਤਿੰਨ ਘੰਟੇ ਹੀ ਗਾਏ ਜਾਂਦੇ ਹਨ। ਜਦੋਂ ਗੀਤ ਗਾ ਕੇ ਜਨਾਨੀਆਂ ਆਪੋ ਆਪਣੇ ਘਰਾਂ ਨੂੰ ਪਰਤਦੀਆਂ ਹਨ ਤਾਂ ਉਨ੍ਹਾਂ ਨੂੰ ਕੁੜੀ ਦੇ ਪਰਿਵਾਰ ਵੱਲੋਂ ਸ਼ਗਨ ਵਜੋਂ ਗੁੜ ਵੰਡਿਆ ਜਾਂਦਾ ਹੈ। ਸੋ ਪੰਜਾਬੀ ਵਿਰਾਸਤ ਵਿਚ ਸੁਹਾਗ ਦੀ ਅਹਿਮ ਥਾਂ ਹੈ। ਜਿਸ ਨੂੰ ਅਜੋਕੀ ਪੀੜ੍ਹੀ ਪੱਛਮੀ ਸੱਭਿਆਚਾਰ ਦੀ ਲਪੇਟ ਆ ਕੇ ਭੁੱਲ ਦੀ ਜਾ ਰਹੀ ਹੈ। ਲੋੜ ਹੈ ਸੁਹਾਗ ਵਰਗੀਆਂ ਪੰਜਾਬੀ ਵੰਨਗੀਆਂ ਨੂੰ ਜਿਉਂਦੇ ਰੱਖਣ ਦੀ ਤਾਂ ਜੋ ਆਉਣ ਵਾਲੀ ਪੀੜ੍ਹੀ ਪੰਜਾਬ ਦੀ ਅਮੀਰ ਵਿਰਾਸਤ ਨੂੰ ਜਾਣ ਸਕੇ। •

70878-00168



**ਧੀ ਦੇ ਪੇਕੇ ਪਰਿਵਾਰ ਤੋਂ ਵਿਛੜਨ ਦੀ ਘੜੀ ਬਹੁਤ ਭਾਵੁਕਤਾ ਵਾਲੀ ਹੁੰਦੀ ਹੈ। ਇਸ ਮੌਕੇ ਇਕੱਲਾ ਬਾਬਲ ਹੀ ਨਹੀਂ ਸਾਰਾ ਪਰਿਵਾਰ ਤੇ ਸਾਕ ਸਬੰਧੀ ਰੋਂਦੇ ਹਨ। ਸੁਹਾਗ ਗਾਉਣ ਵਾਲੇ ਦੀ ਉਪ ਭਾਸ਼ਾ ਅਨੁਸਾਰ ਸ਼ਬਦਾਂ ਦਾ ਰੂਪ ਕੁਝ ਬਦਲ ਜਾਂਦਾ ਹੈ...**

### ਸੁਹਾਗ ਦਾ ਸ਼ਾਬਦਿਕ ਅਰਥ

*ਸੁਹਾਗ ਦਾ ਸ਼ਬਦਿਕ ਅਰਥ ਹੈ ਖ਼ੁਸ਼ਨਸੀਬੀ ਭਾਵ ਕਿ ਚੰਗੇ ਭਾਗ। ਲੋਕ ਸਾਹਿਤ ਦੇ ਸੰਦਰਭ ਵਿਚ ਸੁਹਾਗ ਤੋਂ ਭਾਵ ਅਜਿਹੇ ਖ਼ੁਸ਼ੀਆਂ ਭਰੇ ਲੋਕ ਗੀਤ ਹਨ। ਜਿਹੜੇ ਕੁੜੀ ਦੇ ਵਿਆਹ ਨਾਲ ਸਬੰਧਿਤ ਹਨ। ਜਿਵੇਂ ਮੁੰਡੇ ਦੇ ਵਿਆਹ ਤੋਂ ਕੁਝ ਦਿਨ ਪਹਿਲਾਂ ਘੋੜੀਆਂ ਗਾਉਣ ਦਾ ਰਿਵਾਜ ਹੈ। ਇਸੇ ਤਰ੍ਹਾਂ ਕੁੜੀ ਦੇ ਵਿਆਹ ਦੇ ਕੁਝ ਦਿਨ ਪਹਿਲਾਂ ਰਾਤ ਦੀ ਰੋਟੀ ਤੋਂ ਪਿੱਛੋਂ ਜਨਾਨੀਆਂ ਸੁਹਾਗ ਗਾਉਣੇ ਸ਼ੁਰੂ ਕਰ ਦਿੰਦੀਆਂ ਹਨ। ਸੁਹਾਗ ਜਨਾਨੀਆਂ ਦੁਆਰਾ ਢੋਲਕੀ ਨਾਲ ਗਾਏ ਜਾਣ ਵਾਲੇ ਗੀਤ ਹਨ। ਸੁਹਾਗ ਗਾਉਣ ਦਾ ਰਿਵਾਜ ਪੁਰਾਤਨ ਸਮਿਆਂ ਤੋਂ ਹੀ ਚੱਲਿਆ ਆ ਰਿਹਾ ਹੈ। ਇਨ੍ਹਾਂ ਵਿਚ ਕੁੜੀ ਦੀ ਆਪਣੇ ਮਾਪਿਆਂ ਪ੍ਰਤੀ ਸੁਨੇਹ, ਮੁਹੱਬਤ, ਪੇਕੇ ਘਰ ਨਾਲ ਜੁੜੀਆਂ ਉਸ ਦੀਆਂ ਕਦੀ ਨਾ ਭੁੱਲਣ ਵਾਲੀਆਂ ਯਾਦਾਂ ਅਤੇ ਵਰ ਅਤੇ ਘਰ ਸਬੰਧੀ ਕੁੜੀ ਦੇ ਜਜ਼ਬਾਤਾਂ ਦਾ ਜ਼ਿਕਰ ਹੁੰਦਾ ਹੈ। ਸੁਹਾਗ ਗੀਤਾਂ ਵਿਚ ਉਸ ਦੇ ਰੰਗੀਲੇ ਸਹੁਰੇ ਦੇਸ਼, ਰੱਜਿਆ ਪੁੱਜਿਆ ਸਹੁਰਾ ਘਰ, ਸੋਹਣਾ ਸਨੁੱਖਾ ਉਸ ਦਾ ਹੋਣ ਵਾਲਾ ਪਤੀ ਤੇ ਕੁੜੀਆਂ ਦੀਆਂ ਸੁਪਨੇ, ਉਮੰਗਾਂ ਤੇ ਮਾਪਿਆਂ ਦੇ ਘਰ ਮਾਣੀਆਂ ਮੌਜਾਂ ਦਾ ਵਰਣਨ ਹੁੰਦਾ ਹੈ। ਵਿਛੋੜੇ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲਾ ਸੁਹਾਗ ਗੀਤ ਇਸ ਪ੍ਰਕਾਰ ਹੈ :*
*ਸਾਡਾ ਚਿੜੀਆਂ ਦਾ ਚੰਬਾ ਨੀ, ਬਾਬਲ ਅਸਾਂ ਉੱਡ ਜਾਣਾ।*
*ਸਾਡੀ ਲੰਬੀ ਉਡਾਰੀ ਏ, ਬਾਬਲ ਕਿਹੜੇ ਦੇਸ ਜਾਣਾ।*



# ਰਾਹੀਆਂ ਨੂੰ ਮੈਂ ਰਾਹ ਪਈ ਪੁੱਛਦੀ

ਵਰਿੰਦਰ ਸਿੰਘ ਨਿਮਾਣਾ

ਪੰਜਾਬ ਦੇ ਲੋਕ ਗੀਤ ਤੇ ਲੋਕ ਬੋਲੀਆਂ ਇਸ ਗੱਲ ਦੇ ਗਵਾਹ ਹਨ ਕਿ ਦਰਿਆਵਾਂ ਦੇ ਵਹਿਣਾਂ ਨਾਲ ਜ਼ਰਖ਼ੇਜ਼ ਹੋਈ ਪੰਜਾਬ ਦੀ ਮਿੱਟੀ ਦੇ ਬਾਸ਼ਿੰਦਿਆਂ ਦੀ ਹਰੀਆਂ ਭਰੀਆਂ ਫ਼ਸਲਾਂ ਦੇ ਨਾਲ-ਨਾਲ ਬਾਗ਼ ਬਗ਼ੀਚਿਆਂ ਨਾਲ ਵੀ ਬੜੀ ਗੂੜ੍ਹੀ ਸਾਂਝ ਰਹੀ ਹੈ। ਚਾਂਦੀ ਰੰਗੇ ਪਾਣੀਆਂ ਦੀ ਧਰਤ ਉੱਤੇ ਵੱਖ-ਵੱਖ ਮੌਸਮਾਂ 'ਚ ਬਿਗਸਦੀ ਉਗਮਦੀ ਬਨਸਪਤੀ, ਰੁੱਖ ਬੂਟੇ ਤੇ ਬਾਗ਼ ਬਗ਼ੀਚੇ ਇੱਥੇ ਹਮੇਸ਼ਾ ਘੁੱਗ ਵਸਦੀ ਜ਼ਿੰਦਗੀ ਦੇ ਮਿੱਠੇ-ਮਿੱਠੇ ਗੀਤ ਗੁਣਗੁਣਾਉਂਦੇ ਰਹੇ ਹਨ। ਇੱਕ ਲੋਕ ਬੋਲੀ 'ਚ ਵੀ ਇਹ ਰੰਗ ਇਸ ਤਰ੍ਹਾਂ ਮੌਜੂਦ ਹੈ :

-ਵੀਰ ਮੇਰੇ ਨੇ ਬਾਗ਼ ਲਵਾਇਆ,
ਵਿਚ ਲਵਾਈਆਂ ਕਲੀਆਂ,
ਰਾਹੀਆਂ ਨੂੰ ਮੈਂ ਰਾਹ ਪਈ ਪੁੱਛਦੀ,
ਕਿੱਥੇ ਵੀਰ ਦੀਆਂ ਗਲੀਆਂ।
-ਪਿੱਪਲ ਗਾਵੇ ਬੋਹੜ ਗਾਵੇ,
ਗਾਵੇ ਹਰਿਆਲਾ ਤੂਤ,
ਖੜ੍ਹ ਕੇ ਸੁਣ ਰਾਹੀਆ,
ਤੇਰੀ ਰੂਹ ਹੋਜੂਗੀ ਸੂਤ।

ਇਕ ਹੋਰ ਲੋਕ ਬੋਲੀ 'ਚ ਬਿਰਖਾ ਨੂੰ ਇਸ ਤਰ੍ਹਾਂ ਵਡਿਆਇਆ ਗਿਆ ਹੈ :

ਬਿਰਛਾਂ ਦੇ ਗੀਤ ਸੁਣ ਕੇ,
ਮੇਰੇ ਦਿਲ ਵਿਚ ਚਾਨਣ ਹੋਇਆ...

## ਮੌਸਮੀ ਫਲਾਂ ਦਾ ਸੁਆਦ

ਹੁਸ਼ਿਆਰਪੁਰ ਦੀ ਧਰਤੀ ਆਪਣੀ ਭੂਗੋਲਿਕ ਖ਼ਾਸੀਅਤ ਤੇ ਕੁਦਰਤੀ ਸੁਹੱਪਣ ਕਰਕੇ ਬਾਗ਼ਬਾਨੀ ਲਈ ਬੜੀ ਅਨੁਕੂਲ ਹੈ। ਸ਼ਿਵਾਲਕ ਪਹਾੜੀਆ ਦੇ ਪੈਰਾਂ 'ਚ ਵਸੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਜ਼ਿਆਦਾਤਰ ਇਲਾਕਾ ਸੇਮ ਰਹਿਤ ਤੇ ਮੈਰੇ ਸੁਭਾਅ ਦਾ ਹੋਣ ਕਰਕੇ ਇਹ ਹਰ ਤਰ੍ਹਾਂ ਦੇ ਬਿਰਖ ਬੂਟਿਆ ਦੇ ਵਧਣ ਫੁੱਲਣ 'ਚ ਜ਼ਿਆਦਾ ਮਦਦਗਾਰ ਰਿਹਾ ਹੈ। ਜ਼ਿਲ੍ਹੇ 'ਚ ਕਰੀਬ 8806 ਹੈਕਟੇਅਰ ਰਕਬਾ ਬਾਗ਼ਬਾਨੀ ਅਧੀਨ ਹੈ, ਜਿਸ 'ਚ ਸਭ ਤੋਂ ਜਿਆਦਾ ਕਿੰਨੂ ਫਿਰ ਅੰਬ ਦੇਸੀ ਤੇ ਦੁਸ਼ਿਹਰੀ ਅਤੇ ਲੀਚੀ ਦੀ ਕਾਸ਼ਤਕਾਰੀ ਲੋਕਾਂ ਨੂੰ ਵੱਖ-ਵੱਖ ਮੌਸਮਾਂ 'ਚ ਫਲਾਂ ਦਾ ਸੁਆਦ ਦੇਣ ਨਾਲ ਇਲਾਕਿਆਂ ਦੀ ਖ਼ੂਬਸੂਰਤੀ 'ਚ ਵਾਧਾ ਕਰ ਰਹੀ ਹੈ। ਵੰਡ ਤੋਂ ਪਹਿਲਾਂ ਹੁਸ਼ਿਆਰਪੁਰ ਜ਼ਿਲ੍ਹੇ 'ਚ ਰਿਆਸਤੀ ਰਾਜਿਆਂ ਨੇ ਆਪਣੀਆਂ ਆਰਾਮਗਾਹਾਂ ਵਿਚ ਅੰਬਾਂ ਤੇ ਹੋਰ ਫਲਾਂ ਦੇ ਬਾਗ਼ ਲੁਆਉਣ ਲਈ ਵੀ ਉਚੇਚੀ ਤਵੱਕੋਂ ਦਿੱਤੀ ਤੇ ਇਹ ਸਿਲਸਿਲਾ ਅੰਗਰੇਜ਼ਾਂ ਦੇ ਜ਼ਮਾਨੇ ਵੀ ਬਰਕਰਾਰ ਰਿਹਾ। ਮੁਸਲਮਾਨ ਜ਼ੈਲਦਾਰਾਂ ਤੇ ਜਾਗੀਰਦਾਰਾਂ ਨੇ ਆਪਣੀ ਰੂਹ ਦੀ ਤ੍ਰਿਪਤੀ ਲਈ ਬੜੀਆ ਰੀਝਾਂ ਨਾਲ ਅੰਬਾਂ ਦੇ ਬਾਗ਼ ਲੁਆਏ ਤੇ ਵਹਿੰਗੀਆਂ ਨਾਲ ਪਾਣੀ ਢੋਆ ਢੋਆ ਕੇ ਇਨ੍ਹਾਂ ਰੁੱਖਾਂ ਦੀ ਪਰਵਰਿਸ਼ ਕਰਵਾਈ ਸੀ। ਇੱਥੇ ਟਪਕੇ ਦੇ ਅੰਬਾਂ ਦਾ ਸੁਆਦ ਚੂਪਣ ਵਾਲੇ ਦੀ ਰੂਹ ਨੂੰ ਬਹਿਸ਼ਤ ਦੇ ਨਜ਼ਾਰੇ ਵਰਗਾ ਅਹਿਸਾਸ ਕਰਵਾਉਂਦਾ ਹੈ।

## ਅੰਬਾਂ ਦੇ ਸ਼ੌਕੀਨ ਲੋਕ

ਖ਼ੁਰਾਕੀ ਤੱਤਾਂ ਪੱਖੋਂ ਇਸ ਫਲ 'ਚ ਕਾਰਬੋਹਾਈਡਰੇਟਸ, ਸ਼ੂਗਰ, ਪ੍ਰੋਟੀਨ, ਕੈਲਸ਼ੀਅਮ, ਫਾਸਫੋਰਸ, ਵਿਟਾਮਿਨ ਏਬੀਸੀ ਦੀ ਵਧੇਰੇ ਮਾਤਰਾ ਸਿਹਤ ਲਈ ਕਾਫ਼ੀ ਲਾਹੇਬੰਦ ਮੰਨੀ ਗਈ ਹੈ ਤੇ ਇਸ ਦੀ ਵਰਤੋਂ ਨਾਲ ਦਿਲ, ਮਾਸ ਪੇਸ਼ੀਆਂ ਤੇ ਹੱਡੀਆਂ ਨੂੰ ਮਜ਼ਬੂਤੀ ਮਿਲਦੀ ਹੈ। ਦੇਸੀ ਅੰਬਾਂ 'ਚ ਕੂਕਿਆਂ ਦੀ ਛੱਲੀ, ਬਜਰੌੜ ਦੀ ਬੱਡ, ਹਰਿਆਣੇ ਦੀ ਕੰਘੀ, ਭਾਗੋਵਾਲ ਦੀ ਛੱਲੀ, ਗੋਲਾ, ਤੋਤਾਪਰੀ, ਸਫੈਦਾ, ਆੜੂ, ਸ਼ੇਖ, ਇਨਾਮੀ, ਸੰਧੂਰੀ ਛੱਲੀ, ਸੰਧੂਰੀ, ਸੌਫੀ, ਲੰਗੜਾ, ਲਾਲਟੈਣ, ਗਾਜਰੀ, ਸਿੱਪੀ, ਥਾਣੇਦਾਰ ਆਦਿ ਕਿਸਮਾਂ ਅਜੇ ਵੀ ਲੋਕਾਂ 'ਚ ਪ੍ਰਚਲਿਤ ਹਨ।

## ਲੋਕਾਂ ਦੀ ਕੁਦਰਤ ਨਾਲ ਸਾਂਝ

ਵਪਾਰਕ ਨੁਕਤੇ ਤੋਂ ਇਲਾਵਾ ਇਲਾਕੇ 'ਚ ਘਰੇਲੂ ਬਗ਼ੀਚਿਆਂ 'ਚ ਆਪਣੀਆਂ ਘਰੇਲੂ ਲੋੜਾਂ ਦੀ ਪੂਰਤੀ ਲਈ ਵੱਖ-ਵੱਖ ਫਲਦਾਰ ਪੌਦਿਆਂ ਦੀ ਕਾਸ਼ਤਕਾਰੀ ਸਥਾਨਿਕ ਲੋਕਾਂ ਦੀ ਕੁਦਰਤ ਨਾਲ ਸਾਂਝ ਤੇ ਜ਼ਿੰਦਗੀ ਦੇ ਸੁਹਜ ਸੁਆਦ ਨੂੰ ਮਾਨਣ ਦੀ ਰੀਝ ਨੂੰ ਬਿਆਨ ਕਰ ਦਿੰਦੀ ਹੈ। ਘਰੇਲੂ ਬਗ਼ੀਚੇ ਦੀਆਂ ਮੌਜਾਂ ਦੇ ਸ਼ੌਕੀਨਾਂ ਵੱਲੋਂ ਆਪਣੇ ਅਜਿਹੇ ਉਦਮ ਨਾਲ ਵੱਖ-ਵੱਖ ਮੌਸਮਾਂ 'ਚ ਕੁਦਰਤ ਦੇ ਅਦਭੁਤ ਜਲਬਿਆਂ ਨੂੰ ਹੀ ਨਹੀਂ ਮਾਣਿਆਂ ਜਾਂਦਾ, ਸਗੋਂ ਆਪਣੇ ਪਰਿਵਾਰਾਂ ਦੇ ਜੀਆਂ ਨੂੰ ਬਾਜ਼ਾਰਾਂ 'ਚ ਜ਼ਹਿਰਾਂ ਨਾਲ ਪਕਾਏ ਫਲਾਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਣ 'ਚ ਵੀ ਕਾਮਯਾਬੀ ਹਾਸਲ ਕੀਤੀ ਜਾਂਦੀ ਹੈ। ਬਾਗ਼ਬਾਨੀ ਦੇ ਸ਼ੌਕ ਨਾਲ 'ਨਾਲੇ ਪੁੰਨ ਨਾਲੇ ਫਲ਼ੀਆ' ਅਖਾਣ ਮੁਤਾਬਿਕ ਆਪਣੀ ਆਰਥਿਕ ਮਜ਼ਬੂਤੀ ਦੇ ਨਾਲ ਧਰਤੀ ਮਾਂ ਦੀ ਗੋਦ ਤੋਂ ਘੱਟ ਰਹੇ ਰੁੱਖਾਂ 'ਤੇ ਜੰਗਲਾਂ ਦੀ ਕਮੀ, ਕੁਦਰਤੀ ਜੀਵ ਜੰਤੂਆਂ ਦੀ ਰਾਖੀ ਲਈ ਪਰਉਪਕਾਰ ਭੂਮਿਕਾ ਵੀ ਨਿਭਾਈ ਜਾ ਸਕਦੀ ਹੈ। •

98554-41787



### ਜ਼ਿੰਦਗੀ ਦੇ ਫਲਸਫ਼ੇ ਦੀ ਵਿਆਖਿਆ

*'ਅੰਬੀਆਂ' ਦੀ ਮਜੂਦਗੀ ਜ਼ਿੰਦਗੀ ਦੇ ਮੁਕੰਮਲ ਫਲਸਫ਼ੇ ਦੀ ਵਿਆਖਿਆ ਕਰ ਦਿੰਦੀ ਹੈ। ਫੱਗਣ ਚੇਤਰ ਦੇ ਮਹੀਨਿਆਂ 'ਚ ਅੰਬੀਆਂ ਨੂੰ ਪਏ ਬੂਰ ਮੌਕੇ ਇਨ੍ਹਾਂ ਬੂਟਿਆਂ 'ਚ ਕੋਇਲਾਂ ਦੀ ਕੂ-ਕੂ ਘੁੱਗ ਵਸਦੀ ਜ਼ਿੰਦਗੀ ਦੀਆਂ ਬਾਤਾਂ ਸੁਣਾਉਂਦੀ ਹੈ। ਬਰਸਾਤਾਂ ਦੀ ਰੁੱਤੇ ਕਈ ਬੂਟਿਆਂ ਦੀਆਂ ਚੁਗੀਆਂ ਖੱਟੀਆਂ ਤੇ ਮਿੱਠੀਆਂ ਅੰਬੀਆਂ ਜ਼ਿੰਦਗੀ ਦੇ ਮਿੱਠੇ ਤੇ ਕੌੜੇ ਤਜਰਬਿਆਂ ਦਾ ਸੁਨੇਹਾ ਹੁੰਦੀਆਂ ਹਨ। ਸੰਧੂਰੀ ਰੰਗ ਨਾਲ ਸਾਰਿਆਂ ਨੂੰ ਟੁੰਬਣ ਵਾਲੀ ਸੰਧੂਰੀ ਅੰਬੀ ਵੀ ਕਈ ਵਾਰੀ ਖੱਟੀ ਨਿਕਲ ਜਾਂਦੀ ਹੈ ਤੇ ਕਈ ਵਾਰ ਮਿੱਠੀ। ਅੰਬਾਂ ਨੂੰ ਬੂਰ ਪੈਣਾ ਜ਼ਿੰਦਗੀ ਦੀਆਂ ਸੰਭਾਵਨਾਵਾਂ ਨੂੰ ਬਿਆਨਦਾ ਹੈ, ਨ੍ਹੇਰੀਆਂ ਝੱਖੜਾਂ 'ਚ ਛੋਟੀਆਂ-ਛੋਟੀਆਂ ਅੰਬੀਆਂ ਦਾ ਪੱਕਣ ਤੋਂ ਪਹਿਲਾਂ ਝੜ-ਝੜ ਜਾਣਾ ਬੁਰੇ ਸਮੇਂ ਦੀ ਮਾਰ ਤੇ ਨਾਸ਼ਵਾਨਤਾ ਦਾ ਪ੍ਰਤੀਕ ਹੈ, ਕੱਚੇ ਅੰਬਾਂ ਤੋਂ ਸਥਾਨਿਕ ਲੋਕਾਂ ਵੱਲੋਂ ਮਲਾਜ਼ੀ ਅਚਾਰ ਬਣਾ ਕੇ ਗੁਜ਼ਾਰੇ ਕਰਨੇ ਸਾਦ ਮੁਰਾਦੀ ਜੀਵਨ ਜਾਂਚ ਦਾ ਸਬਕ ਹੈ। ਅੰਬਾਂ ਦੀਆਂ ਜੇਠ ਹਾੜ ਦੀਆਂ ਧੁੱਪਾਂ 'ਚ ਠੰਢੀਆਂ ਛਾਵਾਂ ਦੀ ਰਹਿਮਤ ਦਾ ਹੁਣ ਰੁੱਖਾਂ ਤੋਂ ਵਿਹੂਣੀ ਹੋ ਰਹੀ ਜ਼ਿੰਦਗੀ ਕੋਲ ਕੋਈ ਦੂਜਾ ਵਿਕਲਪ ਨਹੀਂ ਹੈ।*



# ਹੱਕਾਂ ਤੇ ਫ਼ਰਜ਼ਾਂ ਦੀ ਗੱਲ

ਪ੍ਰਭਜੋਤ ਕੌਰ ਢਿੱਲੋਂ

ਸਮਾਜ ਵਿਚ ਪਰਿਵਾਰ ਅਤੇ ਰਿਸ਼ਤਿਆਂ ਦਾ ਬਹੁਤ ਮਹੱਤਵ ਹੈ। ਰਿਸ਼ਤੇ ਟੁੱਟਦੇ ਨੇ ਤਾਂ ਪਰਿਵਾਰ ਖੇਰੂੰ-ਖੇਰੂੰ ਹੋ ਜਾਂਦੇ ਹਨ। ਹਰ ਰਿਸ਼ਤੇ ਦੀ ਇਨਸਾਨੀ ਜੀਨਵਨ ਵਿਚ ਆਪਣੀ ਜਗ੍ਹਾ ਹੈ। ਇਸ ਕਰਕੇ ਉੱਥੇ ਅਤੇ ਉਵੇਂ ਰਿਸ਼ਤੇ ਨੂੰ ਰੱਖਿਆ ਜਾਵੇ ਤਾਂ ਵਧੀਆ ਲੱਗਦਾ ਹੈ। ਜੇਕਰ ਮਹਿੰਗਾ ਸਮਾਨ ਹੋਵੇ ਪਰ ਸਲੀਕੇ ਨਾਲ ਰੱਖਿਆ ਨਾ ਹੋਵੇ ਤਾਂ ਉਸ ਦੀ ਖ਼ੂਬਸੂਰਤੀ ਘੱਟ ਜਾਂਦੀ ਹੈ। ਉਹ ਮਹਿੰਗੇ ਸਮਾਨ ਹੋਣ ਦੇ ਬਾਵਜੂਦ ਕਬਾੜ ਵਰਗਾ ਲੱਗਦਾ ਹੈ।

ਅੱਜ ਮੈਂ ਗੱਲ ਕਰਾਂਗੀ ਧੀਆਂ ਅਤੇ ਉਨ੍ਹਾਂ ਦੇ ਵਿਆਹ ਤੋਂ ਬਾਅਦ ਦੇ ਸਫ਼ਰ ਦੀ। ਹਰ ਬੱਚਾ ਮਾਪਿਆਂ ਨੂੰ ਲਾਡਲਾ ਤੇ ਪਿਆਰਾ ਹੁੰਦਾ ਹੈ ਅਤੇ ਮਾਪੇ ਬੱਚਿਆਂ ਲਈ ਹਰ ਕੁਰਬਾਨੀ ਹੱਸ ਕੇ ਕਰਦੇ ਹਨ। ਲੜਕੀਆਂ ਦੇ ਵਿਆਹ ਹਰ ਸਮਾਜ ਵਿਚ ਜ਼ਰੂਰੀ ਹਨ ਅਤੇ ਸਿਆਣੇ ਬਜ਼ੁਰਗ ਕਹਿੰਦੇ ਸੀ ਕਿ ਧੀਆਂ ਤਾਂ ਰਾਜਿਆਂ ਦੇ ਘਰ ਵੀ ਨਹੀਂ ਸਮਾਈਆਂ। ਮਤਲਬ ਰਾਜੇ ਮਹਾਰਾਜੇ ਵੀ ਧੀਆਂ ਦਾ ਵਿਆਹ ਕਰਦੇ ਸਨ। ਧੀਆਂ ਨੂੰ ਦਹੇਜ ਦੇਣ ਦਾ ਰਿਵਾਜ ਵੀ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਸਮਾਂ ਬਦਲਿਆ ਜ਼ਰੂਰਤਾਂ ਅਤੇ ਰਹਿਣ ਸਹਿਣ ਬਦਲਿਆ ਤਾਂ ਉਸ ਦੇ ਨਾਲ ਦਹੇਜ ਦੇ ਸਮਾਨ ਦਾ ਬਦਲਣਾ ਸੁਭਾਵਿਕ ਸੀ। ਸਮੇਂ ਦੀ ਤਬਦੀਲੀ ਨਾਲ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਹੱਕ ਮਿਲ ਗਿਆ। ਲੜਕੀਆਂ ਪੜ੍ਹਨ ਲਿਖਣ ਲੱਗੀਆਂ ਅਤੇ ਹਰ ਖੇਤਰ ਵਿਚ ਲੜਕੀਆਂ ਅੱਗੇ ਜਾ ਰਹੀਆਂ ਹਨ। ਪੜ੍ਹਿਆ ਲਿਖਿਆ ਸਮਾਜ ਕਿਸ ਕੰਮ ਦਾ ਜੇਕਰ ਸਾਂਝਾਂ ਹੀ ਨਹੀਂ। ਰਿਸ਼ਤਿਆਂ ਦੀਆਂ ਧੱਜੀਆਂ ਉੱਡ ਰਹੀਆਂ ਹਨ।

ਕਾਨੂੰਨਾਂ ਵਿਚ ਸੋਧ ਵੀ ਬਹੁਤ ਜ਼ਰੂਰੀ ਹੁੰਦਾ ਜਾ ਰਿਹਾ ਹੈ। ਪਿੱਛਲੇ ਕਾਫ਼ੀ ਦਿਨਾਂ ਤੋਂ ਅਖ਼ਬਾਰਾਂ ਵਿਚ ਪੜ੍ਹਨ ਨੂੰ ਮਿਲ ਰਿਹਾ ਹੈ ਕਿ ਲੜਕੀਆਂ ਵਿਆਹ ਕਰਵਾ ਕੇ ਜਾਂ ਮੰਗਣੀ ਕਰਵਾਉਣ ਤੋਂ ਬਾਅਦ ਵਿਦੇਸ਼ ਦਾ ਖ਼ਰਚਾ ਤਾਂ ਸਹੁਰੇ ਪਰਿਵਾਰ ਤੋਂ ਕਰਵਾਉਂਦੀਆਂ ਹਨ ਪਰ ਫੇਰ ਲੜਕੇ ਨੂੰ ਬਲਾਉਂਦੀਆਂ ਹੀ ਨਹੀਂ। ਇਵੇਂ ਦੇ ਬਹੁਤ ਸਾਰੇ ਲੋਕ ਹੁਣ ਅਖ਼ਬਾਰਾਂ ਵਿਚ ਆਪਣੇ ਨਾਲ ਹੋਈ ਠੱਗੀ ਦੀ ਗੱਲ ਕਰ ਰਹੇ ਹਨ। ਲੋਕ ਤੀਹ ਚਾਲੀ ਲੱਖ ਲਗਾ ਰਹੇ ਹਨ ਅਤੇ ਅਖੀਰ ਵਿਚ ਲੜਕੀਆਂ ਜਵਾਬ ਦੇ ਰਹੀਆਂ ਹਨ। ਇੱਥੇ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਲੜਕੀਆਂ ਖ਼ਿਲਾਫ਼ ਸ਼ਿਕਾਇਤ ਵੀ ਥੋੜ੍ਹੇ ਕੀਤੇ ਕੋਈ ਸੁਣਦਾ ਹੀ ਨਹੀਂ। ਮਾਫ਼ ਕਰਨਾ ਬਰਾਬਰਤਾ ਦਾ ਮਤਲਬ, ਦਾ ਮਤਲਬ ਹੈ ਹਰ ਕਿਸੇ ਨੂੰ ਸੁਣਿਆ ਜਾਵੇ ਅਤੇ ਜਿਸ ਦੀ ਗ਼ਲਤੀ ਹੈ ਉਸ ਨੂੰ ਸਜ਼ਾ ਮਿਲੇ। ਜਦੋਂ ਬਿਨਾਂ ਦਹੇਜ ਦੇ ਬਾਅਦ ਵੀ ਲੜਕੀਆਂ ਦੇ ਪਰਿਵਾਰ ਵੱਡੀਆਂ ਰਕਮਾਂ ਮੰਗਦੇ ਹਨ ਅਤੇ ਲੜਕੇ ਦੇ ਮਾਪੇ, ਰਿਸ਼ਤੇਦਾਰ ਅਤੇ ਲੜਕੇ ਨੂੰ ਖ਼ੱਜਲ਼ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ। ਹੁਣ ਲੜਕਿਆਂ ਵਾਲੇ ਆਏ ਦਿਨ ਲੁੱਟੇ ਜਾ ਰਹੇ ਹਨ। ਸਮਾਜ ਬਣਿਆ ਰਹੇ, ਇਸ ਲਈ ਰਿਸ਼ਤਿਆਂ ਨੂੰ ਜਿਉਂਦੇ ਰੱਖਣਾ ਜ਼ਰੂਰੀ ਹੈ।

ਇਸ ਵਕਤ ਲੜਕੀਆਂ ਦੇ ਮਾਪਿਆਂ ਵੱਲੋਂ ਧੀਆਂ ਦੇ ਘਰਾਂ ਵਿਚ ਦਖ਼ਲ ਜ਼ਰੂਰਤ ਨਾਲੋਂ ਵਧੇਰੇ ਹੋ ਗਿਆ ਹੈ। ਕੁਝ ਦਹਾਕੇ ਪਹਿਲਾਂ ਲੜਕੀਆਂ ਦਾ ਮਾਪਿਆਂ ਦੇ ਘਰ ਵਾਰ-ਵਾਰ ਆਉਣਾ ਠੀਕ ਨਹੀਂ ਸਮਝਦੇ ਸੀ। ਧੀ ਦੇ ਸਹੁਰੇ ਪਰਿਵਾਰ ਵਿਚ ਦਖ਼ਲ ਨਹੀਂ ਦਿੱਤਾ ਜਾਂਦਾ ਸੀ। ਦਹੇਜ ਦਾ ਮਸਲਾ ਉੱਠਿਆ ਤਾਂ ਲੜਕੀਆਂ ਲਈ ਕਾਨੂੰਨ ਬਣ ਗਿਆ। ਉਸ ਵਿਚ ਦਹੇਜ ਲੈਣ ਅਤੇ ਦੇਣ ਵਾਲੇ ਦੋਨੋਂ ਗੁਨਾਹਗਾਰ ਹਨ ਪਰ ਉਸ ਨੂੰ ਸਿਰਫ਼ ਇਕ ਪਾਸੜ ਵਰਤਿਆ ਗਿਆ। ਇਸ ਦੀ ਇਸ ਵਕਤ ਧੜੱਲੇ ਨਾਲ ਦੁਰਵਰਤੋਂ ਹੋ ਰਹੀ ਹੈ। ਲੜਕਿਆਂ ਦੇ ਮਾਪੇ ਤੰਗ ਪਰੇਸ਼ਾਨ ਹੋ ਕੇ ਘਰ ਛੱਡ ਰਹੇ ਹਨ ਜਾਂ ਉਨ੍ਹਾਂ ਨੂੰ ਬਿਰਧ ਆਸ਼ਰਮਾਂ ਵਿਚ ਛੱਡਿਆ ਜਾ ਰਿਹਾ ਹੈ। ਲੜਕਿਆਂ ਦੇ ਮਾਪੇ ਬਹੁਤ ਪਰੇਸ਼ਾਨ ਹੋ ਰਹੇ ਹਨ। ਜਦੋਂ ਪਤਾ ਹੈ ਕਿ ਇਸ ਦੀ ਵਰਤੋਂ ਗ਼ਲਤ ਹੋ ਰਹੀ ਹੈ ਤਾਂ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਰਿਸ਼ਤੇ ਕਿੱਲੀ ਟੰਗੇ ਜਾ ਰਹੇ ਹਨ।

ਲੜਕੀਆਂ ਪੜ੍ਹੀਆਂ ਲਿਖੀਆਂ ਹਨ, ਲੜਕਿਆਂ ਦੇ ਬਰਾਬਰ ਹਨ ਜਿਵੇਂ ਲੜਕੇ ਨੇ ਆਪਣੀ ਜ਼ਿੰਦਗੀ ਸ਼ੁਰੂ ਕਰਨੀ ਹੈ ਲੜਕੀਆਂ ਵੀ ਕਰਨ। ਉਨ੍ਹਾਂ ਦੇ ਮਾਪਿਆਂ ਦੀ ਜਿੱਥੇ ਦਖ਼ਲ-ਅੰਦਾਜ਼ੀ ਸਾਬਿਤ ਹੋ ਰਹੀ ਹੈ ਉੱਥੇ ਉਨ੍ਹਾਂ ਨੂੰ ਦੋਸ਼ੀ ਮੰਨਿਆ ਜਾਵੇ। ਇੱਥੇ ਧਿਆਨ ਰੱਖਣਾ ਚਾਹੀਦਾ ਹੈ ਕਿ ਸਮਾਜ ਵਾਸਤੇ ਜੇਕਰ ਅਜਿਹੇ ਕਦਮ ਨਾ ਚੁੱਕੇ ਤਾਂ ਪਰਿਵਾਰਾਂ ਦਾ ਢਾਂਚਾ ਖ਼ਤਰੇ ਦੇ ਹਾਸ਼ੀਏ ਨੂੰ ਟੱਪ ਜਾਵੇਗਾ। ਜੇਕਰ ਲੜਕੀਆਂ ਦੀਆਂ ਮਾਵਾਂ ਜਾਂ ਪਰਿਵਾਰ ਨੇ ਲੜਕੀ ਨੂੰ ਆਪਣੇ ਅਨੁਸਾਰ ਚਲਾਉਣਾ ਹੈ ਤਾਂ ਬਿਹਤਰ ਹੈ। ਰਿਸ਼ਤਿਆਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਲੜਕੇ ਦੇ ਮਾਪੇ ਕਿਸੇ ਵੀ ਤਰ੍ਹਾਂ ਤੁਹਾਡੇ ਤੋਂ ਘੱਟ ਸਮਝਦਾਰ ਨਹੀਂ ਹੋ ਸਕਦੇ। ਇਹ ਤੁਹਾਡਾ ਭਰਮ ਹੈ ਕਿ ਤੁਸੀਂ ਉਨ੍ਹਾਂ ਤੋਂ ਵਧੇਰੇ ਬੁੱਧੀਮਾਨ ਹੋ। •

98150-30221



# ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ...

ਪਰਮਜੀਤ ਕੌਰ ਸਰਹਿੰਦ

ਸਾਡੇ ਪਿੰਡ ਦੇ ਲੋਕ ਤਾਂ 'ਨਮਾਣੀ ਕਾਰਸੀ' ਨੂੰ ਵੀ ਜਿਵੇਂ ਨਿੱਕਾ ਜਿਹਾ ਤਿਉਹਾਰ ਹੀ ਬਣਾ ਲੈਂਦੇ। ਜੇਠ ਸੁਦੀ ਇਕਾਦਸ਼ੀ ਨੂੰ ਸਾਡੇ ਪੇਂਡੂ ਲੋਕ 'ਨਮਾਣੀ ਕਾਰਸੀ' ਕਹਿੰਦੇ ਹਨ ਉਂਜ ਇਸ ਨੂੰ ਨਿਰਜਲਾ ਇਕਾਦਸ਼ੀ ਕਿਹਾ ਜਾਂਦਾ ਹੈ। ਪਿੰਡਾਂ ਦੇ ਲੋਕ ਨਮਾਣੀ ਕਾਰਸੀ ਨੂੰ ਵੀ ਛੋਟੇ-ਮੋਟੇ ਤਿਉਹਾਰ ਵਾਂਗੂ ਮਨਾਉਂਦੇ ਸਨ। ਪਿੰਡ ਦੇ ਲੋਕ ਘਰਾਂ ਵਿੱਚੋਂ ਦੇਸੀ ਖੰਡ ਜਾਂ ਸ਼ੱਕਰ ਇਕੱਠੀ ਕਰ ਲੈਂਦੇ ਤੇ ਪਿੰਡ ਦੇ ਬਾਹਰ ਵਗਦੇ ਰਾਹ ਉੱਤੇ ਮਿੱਠੇ ਪਾਣੀ ਦੀ ਛਬੀਲ ਲਾ ਲੈਂਦੇ। ਆਉਂਦੇ-ਜਾਂਦੇ ਰਾਹੀਆਂ ਨੂੰ ਰੋਕ ਕੇ ਮਿੱਠਾ ਪਾਣੀ ਪਿਲਾਉਂਦੇ। ਮਿੱਠੇ ਵਾਲੇ ਪਾਣੀ ਵਿਚ ਥੋੜ੍ਹਾ ਜਿਹਾ ਦੁੱਧ ਮਿਲਾਇਆ ਹੁੰਦਾ ਤੇ ਉਹ ਮਿੱਠੀ ਕੱਚੀ ਲੱਸੀ ਬਣ ਜਾਂਦੀ ਜੋ ਬਹੁਤ ਹੀ ਸੁਆਦ ਹੁੰਦੀ। ਕਈ ਥਾਈਂ ਲੋਕ ਬਰਫ਼ ਦੀ ਸਿਲ ਲਿਆ ਕੇ ਬੋਰੀਆਂ ਵਿਚ ਲਪੇਟ ਰੱਖਦੇ ਤੇ ਠੰਢਾ-ਮਿੱਠਾ ਪਾਣੀ ਪਿਲਾਉਂਦੇ ਪਰ ਪੁਰਾਣੇ ਸਮੇਂ ਪਿੰਡਾਂ ਵਿਚ ਬਰਫ਼ ਛੇਤੀ ਕੀਤਿਆ ਨਹੀਂ ਸੀ ਮਿਲਦੀ। ਪਿਛਲੇ ਸਮੇਂ ਵਿਚ ਖੇਤੀ ਦੇ ਕੰਮ ਲਈ ਰੱਖੇ ਇਹ ਨੌਕਰ ਭਾਵ ਸਾਂਝੀ-ਸੀਰੀ, ਕਿਸਾਨ ਤੋਂ ਪੈਸੇ ਨਹੀਂ ਬਲਕਿ ਜਿਣਸ (ਅਨਾਜ) ਦਾ ਬਣਦਾ ਹਿੱਸਾ ਲੈਂਦੇ ਸਨ ਜੋ ਉਨ੍ਹਾਂ ਨੂੰ ਫ਼ਸਲ ਆਉਣ ਸਾਰ ਦਿੱਤਾ ਜਾਂਦਾ ਸੀ। ਇਹ ਹਿੱਸਾ ਕਿਸਾਨ ਦੀ ਫ਼ਸਲ ਵਿੱਚੋਂ ਖੇਤੀ ਦਾ ਕੰਮ ਕਰਨ ਵਾਲੇ ਘਰ ਦੇ ਜੀਆਂ, ਬਲਦਾਂ ਦੀਆਂ ਜੋਗਾਂ ਤੇ ਬੋਤਿਆਂ ਦੇ ਹਿਸਾਬ ਨਾਲ ਦਿੱਤਾ ਜਾਂਦਾ। ਜਿਵੇਂ ਕੰਮ ਕਰਨ ਵਾਲੇ ਘਰ ਦੇ ਤਿੰਨ ਜੀਅ ਹੁੰਦੇ, ਦੋ ਜੋਗਾਂ (ਚਾਰ ਬਲਦ) ਤੇ ਇਕ ਬੋਤਾ ਹੁੰਦਾ ਤਾਂ ਇਹ ਕੁੱਲ ਨੌਂ ਹਿੱਸੇ ਬਣਦੇ। ਵਰਣਨਯੋਗ ਹੈ ਕਿ ਬੋਤੇ ਦਾ ਹਿੱਸਾ ਦੁੱਗਣਾ ਹੁੰਦਾ ਅਰਥਾਤ ਤਿੰਨ ਬੰਦੇ ਤੇ ਚਾਰ ਬਲਦ, ਕੁਲ ਸੱਤ ਹਿੱਸੇ ਬਣਦੇ ਤੇ ਦੋ ਹਿੱਸੇ ਬੋਤੇ ਦੇ ਪਾ ਕੇ ਨੌਂ ਹਿੱਸੇ ਹੁੰਦੇ ਦਸਵਾਂ ਹਿੱਸਾ ਸੀਰੀ ਦਾ ਹੁੰਦਾ। ਜੇ ਕਿਸਾਨ ਦੀ ਜਿਣਸ ਦਸ ਮਣ ਹੁੰਦੀ ਤਾਂ ਇਸ ਹਿਸਾਬ ਉਸ ਦਾ ਦਸਵਾਂ ਹਿੱਸਾ ਇਕ ਮਣ (40 ਸੇਰ) ਹੁੰਦਾ। ਜੇ ਤੋਲ-ਤੁਲਾਈ ਦਾ ਕੋਈ ਫੌਰੀ ਜੁਗਾੜ ਨਾ ਹੁੰਦਾ ਤਾਂ ਪੀਪਿਆਂ ਨਾਲ ਗਿਣਤੀ-ਮਿਣਤੀ ਕਰ ਲਈ ਜਾਂਦੀ। ਜੇ ਕਿਸੇ ਸੀਰੀ ਕੋਲ ਇਕ ਬਲਦ ਹੁੰਦਾ ਤਾਂ ਉਹ ਆਪਣੇ ਬਲਦ ਦੀ ਸਾਂਝ ਪਾ ਕੇ ਇਕ ਹਿੱਸਾ ਵਧਾ ਲੈਂਦਾ। ਉਨ੍ਹਾਂ ਸਮਿਆਂ ਵਿਚ ਸੀਰੀ ਨੂੰ ਨਕਦ ਪੈਸੇ ਦੀ ਲੋੜ ਸਮੇਂ ਜ਼ਿਮੀਦਾਰ ਪੈਸੇ ਵੀ ਦੇ ਦਿੰਦਾ ਤੇ ਫ਼ਸਲ ਆਈ ਤੋਂ ਹਿਸਾਬ ਕਰ ਲੈਂਦਾ। ਆਮ ਤੌਰ 'ਤੇ ਸਾਂਝੀ-ਸੀਰੀ ਜਿਣਸ ਨਾਲ ਹੀ ਗੁਜ਼ਾਰਾ ਕਰਦੇ ਪਰ ਕਿਸੇ ਵਿਆਹ-ਸ਼ਾਦੀ ਜਾਂ ਦੁੱਖ-ਤਕਲੀਫ਼ ਸਮੇਂ ਨਕਦ ਰਾਸ਼ੀ ਲੋੜ ਅਨੁਸਾਰ ਲੈ ਲੈਂਦੇ। ਸਾਂਝੀ-ਸੀਰੀ ਦੀ ਧੀ-ਭੈਣ ਦੇ ਵਿਆਹ ਮੌਕੇ ਜ਼ਿਮੀਦਾਰ ਵੱਲੋਂ ਕੱਪੜਾ-ਲੀੜਾ ਤੇ ਹੋਰ ਮਾਇਕ ਮੱਦਦ ਕੀਤੀ ਜਾਂਦੀ। ਸੰਤ ਰਾਮ ਉਦਾਸੀ ਦਾ ਪ੍ਰਸਿੱਧ ਗੀਤ ਉਨ੍ਹਾਂ ਦੀ ਅੰਤਰੀਵ ਸਾਂਝ ਦੀ ਬਾਤ ਪਾਉਂਦਾ ਹੈ। ਗੀਤ ਦੀਆਂ ਕੁਝ ਸਤਰਾਂ ਪੇਸ਼ ਹਨ :

*ਗਲ਼ ਲੱਗ ਕੇ ਸੀਰੀ ਦੇ ਜੱਟ ਰੋਇਆ*
*ਬੋਹਲ਼ਾਂ ਵਿੱਚੋਂ ਨੀਰ ਵਗਿਆ,*
*ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ*
*ਤੂੜੀ ਵਿੱਚੋਂ ਪੁੱਤ ਜੱਗਿਆ।*
*ਸਾਡੇ ਪਿੜ ਵਿਚ ਤੇਰੇ ਗਲ਼ ਚੀਥੜੇ*
*ਨੀ ਮੇਰੀਏ ਜੁਆਨ ਕਣਕੇ,*
*ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿੱਚੋਂ ਨਿਕਲੇਂ*
*ਤੂੰ ਸੋਨੇ ਦਾ ਪਟੋਲਾ ਬਣਕੇ।*
*ਤੂੰ ਵੀ ਬਣ ਗਿਆ ਗ਼ਮਾਂ ਦਾ ਗਮੰਤਰੀ*
*ਓ, ਮੇਰੇ ਬੇਜ਼ੁਬਾਨ ਢੱਗਿਆ*
*ਗਲ਼ ਲੱਗ ਕੇ ਸੀਰੀ ਦੇ ਜੱਟ ਰੋਇਆ*
*ਬੋਹਲ਼ਾਂ ਵਿੱਚੋਂ ਨੀਰ ਵਗਿਆ...*

ਕਿਸਾਨ ਹਾਲ਼ੀ ਜਾਂ ਸੀਰੀ ਦਾ ਇਨ੍ਹਾਂ ਬੇਜ਼ੁਬਾਨ ਢੱਗਿਆਂ (ਬਲਦਾਂ) ਨਾਲ ਵੀ ਲੋਹੜੇ ਦਾ ਮੋਹ ਹੁੰਦਾ। ਹਲ਼ ਵਹੁੰਦਿਆਂ ਜਦੋਂ ਇਨ੍ਹਾਂ ਦੀ ਰੋਟੀ ਆਉਂਦੀ ਤਾਂ ਇਹ ਪਹਿਲਾਂ ਆਪਣੇ ਬਲਦਾਂ ਦੇ ਮੂੰਹ ਵਿਚ ਬੁਰਕੀ ਪਾਉਂਦੇ ਫਿਰ ਆਪ ਖਾਂਦੇ। ਇਹ ਮਿਹਨਤੀ ਲੋਕ ਤਨਾਂ ਦੇ ਚੀੜ੍ਹੇ ਪਰ ਮਨਾਂ ਦੇ ਨਰਮ ਹੁੰਦੇ। ਰੋਟੀ ਖਾਣ ਲੱਗੇ ਇਹ ਖੇਤ 'ਚ ਫਿਰਦੇ ਕੁੱਤੇ ਨੂੰ ਵੀ ਜ਼ਰੂਰ ਰੋਟੀ ਪਾਉਂਦੇ ਤੇ ਇਹ ਕੁੱਤੇ ਸਮੇਂ ਸਿਰ ਉੱਥੇ ਜ਼ਰੂਰ ਹਾਜ਼ਰ ਹੋ ਜਾਂਦੇ। ਕਿਸਾਨਾਂ ਦਾ ਪੱਕਾ ਅਸੂਲ ਹੁੰਦਾ ਕਿ ਉਹ ਨਵੀਂ ਆਈ ਹਰ ਫ਼ਸਲ ਵਿੱਚੋਂ ਸਰਦਾ-ਪੁੱਜਦਾ ਹਿੱਸਾ ਕਿਸੇ ਧਰਮ ਸਥਾਨ ਲਈ ਜ਼ਰੂਰ ਦਿੰਦੇ ਸਨ ਅੱਜ ਵੀ ਇਹ ਪਿਰਤ ਬਹੁਤੇ ਲੋਕਾਂ ਵਿੱਚ ਕਾਇਮ ਹੈ ਪਰ ਵਰਤਮਾਨ ਸਮੇਂ ਕਾਰਸੇਵਾ ਵਾਲੇ ਜਾਂ ਕੋਈ ਧਰਮ ਸਥਾਨਾ ਵਾਲੇ ਆਪ ਜਾ ਕੇ ਹੀ ਕਣਕ ਜਾਂ ਹੋਰ ਅਨਾਜ ਲੈ ਆਉਂਦੇ ਹਨ। ਨਮਾਣੀ ਕਾਰਸੀ ਨੂੰ ਇਨ੍ਹਾਂ ਹਾਲ਼ੀਆਂ-ਸੀਰੀਆਂ ਦਾ ਇਹ ਵੀ ਨਿਯਮ ਹੁੰਦਾ ਹੈ ਕਿ ਇਹ ਬਲਦਾਂ ਨੂੰ 'ਛੁੱਟੀ' ਕਰਦੇ। ਉਸ ਦਿਨ ਉਨ੍ਹਾਂ ਨੂੰ ਹਲ਼ ਜਾਂ ਖੂਹ ਨੂੰ ਨਾ ਜੋੜਿਆ ਜਾਂਦਾ ਬਲਕਿ ਉਨ੍ਹਾਂ ਨੂੰ ਖਰਖਰਾ ਆਦਿ ਕਰ ਕੇ ਸਿੰਙਾਂ ਨੂੰ ਤੇਲ ਲਾਇਆ ਜਾਂਦਾ। ਬਹੁਤ ਸਾਰੇ ਕਿਸਾਨ ਹਰ ਕਾਰਸੀ ਨੂੰ ਭਾਵ ਮਹੀਨੇ ਦੇ ਮਹੀਨੇ ਇਨ੍ਹਾਂ ਗਊ ਜਾਇਆਂ ਨੂੰ ਆਰਾਮ ਕਰਵਾਉਂਦੇ। ਭਾਵੇਂ ਅੱਜ ਦੇ ਸਮੇਂ ਬਲਦਾਂ ਨਾਲ ਖੇਤੀ ਬਹੁਤ ਘੱਟ ਕੀਤੀ ਜਾਂਦੀ ਹੈ ਪਰ ਜਿਸ ਕਿਸਾਨ ਕੋਲ ਬਲਦ ਹਨ ਉਹ ਅੱਜ ਵੀ ਕਾਰਸੀ ਦੇ ਦਿਨ ਬਲਦਾਂ ਨੂੰ ਕੰਮ ਨਹੀਂ ਲਾਉਂਦਾ। ਇਹ ਵੀ ਜ਼ਿਕਰਯੋਗ ਹੈ ਕਿ ਕਿਸਾਨ ਵੱਲੋਂ ਜੇ ਕੋਈ ਜ਼ਮੀਨ ਗਹਿਣੇ ਕੀਤੀ ਹੁੰਦੀ ਸੀ ਜਾਂ ਬੇਚੀ ਹੁੰਦੀ ਸੀ ਉਸ ਦਾ ਕਬਜ਼ਾ ਵੀ ਨਮਾਣੀ ਕਾਰਸੀ ਨੂੰ ਹੀ ਦਿੱਤਾ ਜਾ ਲਿਆ ਜਾਂਦਾ।

ਸਾਂਝੀ ਤੇ ਕਿਸਾਨ ਦੀ ਸਾਂਝ ਕਈ ਵਾਰ ਕਈ ਪੀੜ੍ਹੀਆਂ ਤਕ ਨਿਭ ਜਾਂਦਾ। ਇਨ੍ਹਾਂ ਦੀਆਂ ਮਾਵਾਂ ਜਾਂ ਪਤਨੀਆਂ ਭਾਵ ਪਰਿਵਾਰ ਵੀ ਜ਼ਿਮੀਦਾਰਾਂ ਦੇ ਖੇਤਾਂ ਜਾਂ ਘਰਾਂ ਵਿਚ ਕੰਮ ਕਰਦੀਆਂ ਉਨ੍ਹਾਂ ਨੂੰ ਵੱਖਰਾ ਮਿਹਨਤਾਨਾ ਦਿੱਤਾ ਜਾਂਦਾ। ਇਹ ਕੱਚੇ ਘਰਾਂ ਨੂੰ ਲਿੱਪਣ-ਪੋਚਣ ਤੇ ਅਨਾਜ ਪੀਹਣ-ਛੱਟਣ ਦਾ ਕੰਮ ਕਰ ਦਿੰਦੀਆਂ। ਇਸ ਤਰ੍ਹਾਂ ਕਿਸਾਨ ਤੇ ਸੀਰੀਆਂ ਦੀ ਪਰਿਵਾਰਕ ਸਾਂਝ ਬਣ ਜਾਂਦੀ। ਇਹ ਸਾਂਝੀ-ਸੀਰੀ ਮਿਹਨਤਕਸ਼ ਜਾਤੀਆਂ ਵਿੱਚੋਂ ਹੁੰਦੇ ਪਰ ਕਈ ਵਾਰ ਕਿਸੇ ਮੁਸੀਬਤ ਦਾ ਮਾਰਿਆ ਜ਼ਿਮੀਦਾਰ ਪਰਿਵਾਰ ਦਾ ਕੋਈ ਜੀਅ ਵੀ ਬਰਾਬਰ ਦੇ ਭਾਈ ਨਾਲ ਸੀਰੀ ਰਲਣ ਲਈ ਮਜਬੂਰ ਹੋ ਜਾਂਦਾ। ਇਹ ਲੋਕ ਇਸ ਦੀ ਨਮੋਸ਼ੀ ਮੰਨਦੇ। ਸੀਰੀ ਜਾਂ ਸਾਂਝੀ ਪੇਂਡੂ ਜਨਜੀਵਨ ਦਾ ਅਹਿਮ ਹਿੱਸਾ ਹੁੰਦੇ। ਅਜੋਕੇ ਸਮੇਂ ਸਾਂਝੀ-ਸੀਰੀ ਦੀ ਰਵਾਇਤ ਖ਼ਤਮ ਹੀ ਹੋ ਚੁੱਕੀ ਹੈ। ਪੁਰਾਣੇ ਸਮੇਂ ਦੇ ਸਾਂਝੀਆਂ ਵਾਲੀ ਸਾਂਝ ਕਿਸੇ ਵਿਰਲੇ ਦੀ ਹੀ ਹੈ। ਅੱਗੇ ਤੋਂ ਇਹ ਸਾਂਝੀ-ਸੀਰੀ ਸ਼ਬਦ ਕਿਤਾਬਾਂ ਵਿਚ ਹੀ ਮਿਲੇਗਾ ਅਸਲੀ ਰੂਪ ਵਿਚ ਕਿਤੇ ਨਹੀਂ ਲੱਭੇਗਾ। •

98728-98599

### ਆਤਮਾ 'ਤੇ ਪਰਦਾ

*ਪੁਰਾਣੇ ਪੇਂਡੂ ਕਿਸਾਨ ਤਬਕੇ ਲਈ 'ਸਾਂਝੀ-ਸੀਰੀ' ਬਹੁਤ ਮਹੱਤਵ ਰੱਖਦਾ ਸੀ ਕਿਉਂਕਿ ਉਹ ਮਸ਼ੀਨੀ ਯੁੱਗ ਨਹੀਂ ਸੀ ਤੇ ਸਾਰਾ ਕੰਮ ਹੱਥੀਂ ਕਰਨਾ ਪੈਂਦਾ ਸੀ। ਖੇਤੀ-ਪੱਤੀ ਦੇ ਕੰਮ ਲਈ ਰੱਖੇ ਕਾਮੇ ਜਾਂ ਨੌਕਰ ਨੂੰ ਸਾਂਝੀ ਜਾਂ ਸੀਰੀ ਕਿਹਾ ਜਾਂਦਾ। ਸਾਂਝੀ ਰੱਖਣ ਲਈ ਕਿਸਾਨਾਂ ਨੇ 'ਨਮਾਣੀ ਕਾਰਸੀ' ਦਾ ਦਿਨ ਮਿਥਿਆ ਹੁੰਦਾ। ਇਸ ਦਿਨ ਕਿਸਾਨ ਸੀਰੀ ਰਲਾਉਂਦੇ ਤੇ ਉਸ ਨਾਲ ਸਾਲ ਭਰ ਦੇ ਕੰਮ ਲਈ ਮਿਹਨਤਾਨਾ ਤਹਿ ਕਰਦੇ। ਪਹਿਲਾਂ ਤੋਂ ਕੰਮ ਕਰਦੇ ਸੀਰੀ ਨੂੰ ਦੁਬਾਰਾ ਰੱਖ ਕੇ ਨਵੇਂ ਸਿਰੇ ਤੋਂ ਹਿਸਾਬ-ਕਿਤਾਬ ਕਰਦੇ ਸਨ।*




# ਦਫਤਰ ਨਗਰ ਪੰਚਾਇਤ, ਭਾਈਰੂਪਾ (ਜਿਲ੍ਹਾਂ ਬਠਿੰਡਾ)

## ਇਸ਼ਤਿਹਾਰ

☛ ਦਫਤਰ ਨਗਰ ਪੰਚਾਇਤ, ਭਾਈਰੂਪਾ ਵੱਲੋਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਰਸਾਤਾ ਦਾ ਮੌਸਮ ਹੋਣ ਕਰਕੇ ਕੁਝ ਜਰੂਰੀ ਗੱਲਾਂ ਦਾ ਧਿਆਨ ਰੱਖਣ ਹਿੱਤ ਕਿਉਕਿ ਬਰਸਾਤਾ ਦੇ ਦਿਨਾ ਵਿੱਚ ਡੇਗੂ ਬੁਖਾਰ ਫੈਲਦਾ ਹੈ। ਇਸ ਲਈ ਆਪਣੇ ਘਰਾ ਦੇ ਆਲੇ-ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ, ਪਾਣੀ ਭਰੇ ਭਾਡਿਆ ਨੂੰ ਚੀਗੀ ਤਰ੍ਹਾ ਢੱਕ ਕੇ ਰੱਖੋ, ਡੇਗੂ ਬੁਖਾਰ ਫੈਲਾਉਣ ਵਾਲਾ ਮੱਛਰ ਸਵੇਰ ਅਤੇ ਸ਼ਾਮ ਵੇਲੇ ਕੱਟਦਾ ਹੈ, ਸਵੇਰੇ-ਸ਼ਾਮ ਅਜਿਹੇ ਕੱਪੜੇ ਪਹਿਨੋ ਜਿਨਾ ਨਾਲ ਪੂਰਾ ਸਰੀਰ ਢੱਕਿਆ ਰਹੇ। ਤੇਜ ਬੁਖਾਰ ਹੋਣ ਦੀ ਸੂਰਤ ਵਿੱਚ ਤਰੁੰਤ ਸਰਕਾਰ ਵਲੋਂ ਪ੍ਰਵਾਨਤ/ਲੈਬੋਰੇਟਰੀ/ਸਿਹਤ ਕੇਂਦਰਾਂ ਤੋ ਪੂਰੀ-ਪੂਰੀ ਜਾਂਚ ਪੜਤਾਲ ਕਰਵਾ ਕੇ ਹੀ ਇਲਾਜ/ਦਵਾਈ ਲਵੋ।

☛ ਸਰਕਾਰ ਵੱਲੋਂ ਸਵੱਛ ਭਾਰਤ ਮੁਹਿੰਮ ਅਧੀਨ ਆਪਣੇ-2 ਸ਼ਹਿਰਾਂ ਨੂੰ ਸਾਫ ਸੁਥਰਾ ਰੱਖਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲਈ ਆਪਣੇ ਘਰਾਂ ਵਿੱਚ ਨੀਲੇ ਰੰਗ ਅਤੇ ਹਰੇ ਰੰਗ ਦੇ ਦੋ ਡਸਟਬੀਨ ਲਗਾ ਕੇ ਕੂੜੇ ਨੂੰ ਸੈਗਰੀਗੇਸ਼ਨ ਕਰਕੇ ਅਲੱਗ-ਅਲੱਗ ਕੀਤਾ ਜਾਵੇ। ਹਰੇ ਰੰਗ ਦੇ ਡਸਟਬੀਨ ਵਿੱਚ ਗਿੱਲਾ ਕੂੜਾ ਜਿਵੇਂ ਕਿ ਸਬਜੀਆ ਅਤੇ ਫਲਾ ਦੇ ਪੱਤੇ ਆਦ ਅਤੇ ਨੀਲੇ ਰੰਗ ਦੇ ਡਸਟਬੀਨ ਵਿੱਚ ਸੁੱਕਾ ਕੂੜਾ ਜਿਵੇ ਪਲਾਸਟਿਕ, ਪਾਲੀਥੀਨ, ਮੱਗ ਆਦ ਵਿੱਚ ਪਾਉਣ ਉਪਰੰਤ ਨਗਰ ਪੰਚਾਇਤ ਭਾਈਰੂਪਾ ਵੱਲੋਂ ਕੂੜੇ ਨੂੰ ਚੁੱਕਣ ਲਈ ਲਗਾਈਆ ਗਈਆਂ ਡੋਰ-ਟੂ-ਡੋਰ ਰੇਹੜੀਆਂ ਵਿਚ ਪਾਇਆ ਜਾਵੇ। ਪਲਾਸਟਿਕ ਦੇ ਲਿਫਾਫਿਆ ਦੀ ਵਰਤੋ ਨਾ ਕੀਤੀ ਜਾਵੇ ਸਗੋਂ ਘਰਾ ਵਿੱਚ ਬਣੇ ਥੈਲੇ ਦੀ ਵਰਤੋ ਕੀਤੀ ਜਾਵੇ।

ਸਹੀ/-
ਕਾਰਜ ਸਾਧਕ ਅਫ਼ਸਰ
ਨਗਰ ਪੰਚਾਇਤ,ਭਾਈਰੂਪਾ


# ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀ ਖੇਡਾਂ 'ਚ ਛਾਏ

ਰਾਮਪੁਰਾ ਫੂਲ (ਜਸਵੀਰ ਔਲਖ) : ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੇ ਵਿਦਿਆਰਥੀਆਂ ਨੇ ਜ਼ੋਨਲ ਟੂਰਨਾਮੈਂਟ ਵਿਚ ਵੱਖ-ਵੱਖ ਖੇਡਾਂ ਵਿਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਕੈਂਪਸ ਵਿਚ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਸਕੂਲ ਵਿਚ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਦਾ ਨਤੀਜਾ ਜ਼ੋਨਲ ਪੱਧਰ 'ਤੇ ਕਰਵਾਏ ਗਏ ਖੇਡ ਮੈਚਾਂ 'ਚ ਦੇਖਣ ਨੂੰ ਮਿਲਿਆ। ਕੁਝ ਖੇਡ ਮੈਚ ਗਲੋਬਲ ਡਿਸਕਵਰੀ ਸਕੂਲ ਕੈਂਪਸ ਅਤੇ ਕੁਝ ਮੰਡੀਕਲਾਂ ਸਕੂਲ ਵਿਖੇ ਕਰਵਾਏ ਗਏ। ਖੇਡ ਮੁਕਾਬਲਿਆਂ ਵਿਚ ਅੰਡਰ-19 ਦੇ ਲੜਕੇ ਹੈਂਡਬਾਲ, ਬਾਸਕਟਬਾਲ, ਕਰਾਟੇ ਅਤੇ ਲੜਕੀਆਂ ਬਾਸਕਟਬਾਲ ਵਿਚ ਪਹਿਲੇ ਸਥਾਨ 'ਤੇ ਰਹੇ। ਅੰਡਰ-17 ਲੜਕੇ ਹੈਂਡਬਾਲ, ਬਾਸਕਟਬਾਲ, ਨੈੱਟ ਬਾਲ, ਕਰਾਟੇ, ਸਕੇਟਸ ਅਤੇ ਲੜਕੀਆਂ ਹੈਂਡਬਾਲ, ਬਾਸਕਟਬਾਲ, ਨੈੱਟ ਬਾਲ, ਬੈਡਮਿੰਟਨ ਸਕੇਟਸ ਵਿਚ ਪਹਿਲੇ ਸਥਾਨ 'ਤੇ ਰਹੇ। ਅੰਡਰ-14 ਲੜਕੇ ਰੱਸਾਕਸ਼ੀ, ਕਰਾਟੇ, ਸਕੇਟਸ



ਅਤੇ ਲੜਕੀਆਂ ਹੈਂਡਬਾਲ ਵਿਚ ਦੂਜੇ ਸਥਾਨ 'ਤੇ ਰਹੀਆਂ। ਯੋਗਾ ਵਿਚ ਇਕ ਬੱਚੇ ਅਤੇ ਸ਼ਤਰੰਜ ਵਿਚ ਦੋ ਬੱਚਿਆਂ ਨੇ ਜ਼ਿਲ੍ਹਾ ਪੱਧਰ 'ਤੇ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਕਮਲੇਸ਼ ਸਰਾਫ ਅਤੇ ਵਾਈਸ ਚੇਅਰਮੈਨ ਅਮਿਤ ਸਰਾਫ ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਬੱਚਿਆਂ ਦਾ ਉਤਸ਼ਾਹ ਵਧਾਉਂਦਿਆਂ ਕਿਹਾ ਕਿ 'ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਮਨ ਦਾ ਵਿਕਾਸ ਹੁੰਦਾ ਹੈ' ਇਸ ਲਈ ਸਾਨੂੰ ਭਵਿੱਖ ਵਿਚ ਵੀ ਬੱਚਿਆਂ ਨੂੰ ਖੇਡਾਂ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਖੇਡਾਂ ਦੀ ਮਹੱਤਤਾ ਬਾਰੇ ਦੱਸ ਕੇ ਬੱਚਿਆਂ ਨੂੰ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਸਕੂਲ ਦੀ ਪ੍ਰਿੰਸੀਪਲ ਹਰਦੇਵ ਕੌਰ ਸਿੱਧੂ ਨੇ ਵੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਬੱਚਿਆਂ, ਅਧਿਆਪਕਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਬੱਚਿਆਂ ਵੱਲੋਂ ਹਾਸਲ ਕੀਤੀ ਇਸ ਸਫ਼ਲਤਾ ਦਾ ਸਿਹਰਾ ਸਕੂਲ ਦੇ ਅਧਿਆਪਕ ਡੀਪੀ ਰਣਵੀਰ ਕੌਰ, ਰਵਨੀਤ, ਮਨਪ੍ਰੀਤ ਸਿੰਘ, ਅਭਿਸ਼ੇਕ ਅਤੇ ਟੂਰਨਾਮੈਂਟ ਸਮੇਂ ਯੋਗਦਾਨ ਪਾਉਣ ਵਾਲੇ ਸਾਰੇ ਅਧਿਆਪਕਾਂ ਨੂੰ ਜਾਂਦਾ ਹੈ।

### ਮਾਊਂਟ ਲਿਟਰਾ ਜ਼ੀ ਸਕੂਲ 'ਚ ਅੰਤਰ ਹਾਊਸ ਸਾਹਿਤਕ ਕੁਇਜ਼ ਮੁਕਾਬਲੇ

ਲਹਿਰਾ ਮੁਹੱਬਤ (ਜਸਵੀਰ ਔਲਖ)- ਮਾਊਂਟ ਲਿਟਰਾ ਜ਼ੀ ਸਕੂਲ ਲਹਿਰਾ ਧੂਰਕੋਟ ਵਲੋਂ ਜਮਾਤ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਵਿਚਕਾਰ ਜੀ.ਕੇ. ਕੁਇਜ਼ ਦੀ ਗਤੀਵਿਧੀ ਕਰਵਾਈ ਗਈ।ਦੂਜੇ ਪਾਸੇ ਛੇਵੀਂ ਤੋਂ ਦਸਵੀਂ ਜਮਾਤਾਂ ਵਿਚਕਾਰ ਅੰਤਰ ਹਾਊਸ ਸਾਹਿੱਤਿਕ ਕੁਇਜ਼ ਕਰਵਾਈ ਗਈ। ਇਹ ਇੱਕ ਅੰਤਰ ਹਾਊਸ ਮੁਕਾਬਲਾ ਸੀ।ਜਿਸ ਵਿਚ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ।ਸਾਰੇ ਬੱਚਿਆਂ ਨੇ ਆਪਣੀ ਟੀਮ ਨੂੰ ਜਿੱਤ ਦਿਵਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਮੁਕਾਬਲੇ 'ਚ ਗਾਂਧੀ ਹਾਊਸ ਨੇ ਪਹਿਲਾ, ਆਈਨ ਸਟਾਈਨ ਹਾਊਸ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਸ਼੍ਰੀਮਤੀ ਨਮਿਤਾ ਬਾਂਸਲ ਤੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਗੀਤਾ ਪਿੱਲੇ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਛੋਟੇ ਬੱਚਿਆਂ ਨੇ ਸੱਚਮੁੱਚ ਹੀ ਕਮਾਲ ਕਰ ਦਿਖਾਇਆ ਹੈ। ਅਜਿਹੀ ਕਾਬਲੀਅਤ ਦੇਖ ਕੇ ਬਹੁਤ ਖ਼ੁਸ਼ ਹੋਏ ਅਤੇ ਉਨ੍ਹਾਂ ਦਾ ਹੌਸਲਾ ਵਧਾਇਆ।

# ਬਾਬਾ ਮੋਨੀ ਜੀ ਡਿਗਰੀ ਕਾਲਜ ਦੇ ਵਿਦਿਆਰਥੀਆਂ ਨੇ ਅਕਾਦਮਿਕ ਖੇਤਰ ਵਿੱਚ ਮੱਲਾਂ ਮਾਰੀਆਂ



ਰਾਮਪੁਰਾ ਫੂਲ (ਜਸਵੀਰ ਔਲਖ)- ਬਾਬਾ ਮੋਨੀ ਜੀ ਡਿਗਰੀ ਕਾਲਜ, ਲਹਿਰਾ ਮੁਹੱਬਤ(ਬਠਿੰਡਾ) ਸ਼ਾਨਦਾਰ ਨਤੀਜਿਆਂ ਦੀ ਬਦੌਲਤ ਪੂਰੇ ਮਾਲਵੇ ਵਿੱਚ ਪ੍ਰਸਿੱਧ ਹੈ। ਇਸ ਵਾਰ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ, ਵੱਲੋਂ ਐਲਾਨੇ ਗਏ ਬੀ.ਸੀ.ਏ ਭਾਗ ਦੂਜਾ(ਸਮੈਸਟਰ ਤੀਜਾ) ਦੇ ਨਤੀਜਿਆ ਵਿੱਚ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ। ਬੀ.ਸੀ.ਏ ਭਾਗ ਦੂਜਾ ਦੀ ਵਿਦਿਆਰਥਣ ਜਸਪ੍ਰੀਤ ਕੌਰ (90.71%) ਪੁੱਤਰੀ ਨਿਰਮਲ ਸਿੰਘ ਵਾਸੀ ਲਹਿਰਾ ਸੌਂਧਾ ਨੇ ਪਹਿਲਾ, ਸਰਬਜੀਤ ਕੌਰ (90.28%) ਪੁੱਤਰੀ ਜਗਸੀਰ ਸਿੰਘ ਵਾਸੀ ਪੂਹਲਾ ਨੇ ਦੂਸਰਾ ਅਤੇ ਨੂਰਪਿੰਦਰ ਕੌਰ (90%) ਪੁੱਤਰੀ ਗੁਰਸੇਵਕ ਸਿੰਘ ਵਾਸੀ ਭੂੰਦੜ ਨੇ ਕ੍ਰਮਵਾਰ ਤੀਸਰਾ ਸਥਾਨ ਹਾਸਿਲ ਕਰਕੇ ਕਾਲਜ ਅਤੇ ਆਪਣੇ ਮਾਪਿਆ ਦਾ ਨਾਮ ਰੌਸ਼ਨ ਕੀਤਾ। ਸਾਰੀਆ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ ਇਸ ਮੌਕੇ ਕਾਲਜ ਦੇ ਡਾਇਰੈਕਟਰ ਸ. ਕੇਸਰ ਸਿੰਘ ਧਲੇਵਾ ਅਤੇ ਮੈਨੇਜਿੰਗ ਡਾਇਰੈਕਟਰ ਸ. ਲਖਵੀਰ ਸਿੰਘ ਸਿੱਧੂ ਅਤੇ ਐਡਮਨਿਸਟਰੇਟਿਵ ਕੁਲਵੀਰ ਸਿੰਘ ਨੇ ਕਾਲਜ ਅਤੇ ਸਮੂਹ ਵਿਦਿਆਰਥਣਾਂ ਨੂੰ ਵਧਾਈ ਦਿੱਤੀ। ਕਾਲਜ ਦੇ ਪ੍ਰਿੰਸੀਪਲ ਅਮਨਿੰਦਰ ਕੌਰ ਅਤੇ ਐਜੂਕੇਸ਼ਨ ਵਿਭਾਗ ਦੇ ਵਾਈਸ ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵੱਧ ਤੋਂ ਵੱਧ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਕਾਲਜ ਦੇ ਸਟਾਫ ਮੈਂਬਰ ਪ੍ਰੋ. ਹਰਮਨਪ੍ਰੀਤ ਕੌਰ, ਪ੍ਰੋ.ਰਣਜੀਤ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ.ਰਮਨਦੀਪ ਕੌਰ, ਪ੍ਰੋ.ਕੁਲਦੀਪ ਕੌਰ, ਪ੍ਰੋ.ਸਰਬਜੀਤ ਕੌਰ ਅਤੇ ਪ੍ਰੋ. ਪ੍ਰਦੀਪ ਕੌਰ ਸ਼ਾਮਿਲ ਸਨ।

# ਜੋਨ ਪੱਧਰੀ ਖੇਡਾਂ ਵਿੱਚ ਸਰਵਹਿੱਤਕਾਰੀ ਸਕੂਲ ਦੇ ਵਿਦਿਆਰਥੀ ਮੋਹਰੀ

ਰਾਮਪੁਰਾ ਫੂਲ (ਜਸਵੀਰ ਔਲਖ)- ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਜੋਨ ਪੱਧਰੀ ਖੇਡਾਂ ਦਾ ਆਯੋਜਨ ਮਿਤੀ 22 ਅਗਸਤ ਤੋਂ 25 ਅਗਸਤ ਤੱਕ ਕਰਵਾਇਆ ਗਿਆ ਜਿਨ੍ਹਾਂ ਵਿੱਚ ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਦੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਸਫ਼ਲਤਾ ਹਾਸਲ ਕੀਤੀ। ਵਿਦਿਆ ਮੰਦਰ ਦੇ ਕਬੱਡੀ ਖਿਡਾਰੀਆਂ ਨੇ ਕ੍ਰਮਵਾਰ, ਕਬੱਡੀ ਅੰਡਰ-14 (ਲੜਕੇ ਅਤੇ ਲੜਕੀਆਂ) ਫਸਟ ਪੁਜੀਸ਼ਨ, ਕਬੱਡੀ ਅੰਡਰ-17 (ਲੜਕੀਆਂ) ਫਸਟ ਪੁਜ਼ੀਸ਼ਨ ਅਤੇ ਕਬੱਡੀ ਅੰਡਰ-19 (ਲੜਕਿਆਂ) ਨੇ ਜੋਨ ਪੱਧਰ ਤੇ ਫਸਟ ਪੁਜ਼ੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਸਤਰੰਜ ਦੇ ਖਿਡਾਰੀਆਂ ਨੇ ਵੀ ਵਧੀਆ ਪ੍ਰਦਰਸ਼ਨ ਕਰਦੇ ਹੋਏ ਅੰਡਰ-14 (ਲੜਕੇ ਅਤੇ ਲੜਕੀਆਂ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਪ੍ਰਿੰਸੀਪਲ ਐਸ ਕੇ ਮਲਿਕ ਨੇ ਬੱਚਿਆਂ ਦੀ ਹੌਸਲਾ ਅਫ਼ਜਾਈ ਕੀਤੀ ਅਤੇ ਭਵਿੱਖ ਵਿੱਚ ਅਜਿਹੀਆਂ ਗਤੀਵਿਧੀਆਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਜੋਨ ਪੱਧਰੀ ਖੇਡਾਂ ਵਿੱਚ ਜੇਤੂ ਵਿਦਿਆਰਥੀਆਂ ਦੀ ਚੋਣ ਜ਼ਿਲ੍ਹਾ ਪੱਧਰੀ ਖੇਡਾਂ ਲਈ ਹੋਈ। ਇਸ ਮੌਕੇ ਪ੍ਰਿੰਸੀਪਲ ਮਲਿਕ ਨੇ ਸਾਰਿਆਂ ਜੇਤੂ ਖਿਡਾਰੀਆਂ, ਟੀਮਾਂ, ਸਕੂਲ ਦੇ ਸਰੀਰਕ ਸਿੱਖਿਆ ਵਿਭਾਗ, ਅਧਿਆਪਕਾਂ ਅਤੇ ਮਾਪਿਆਂ ਨੂੰ ਸਕੂਲ ਵੱਲੋਂ ਵਧਾਈ ਦਿੱਤੀ।

# ਜ਼ੋਨਲ ਪੱਧਰ ਖੇਡਾਂ ਵਿੱਚ ਦੂਨ ਦੇ ਵਿਦਿਆਰਥੀਆਂ ਨੇ ਦਿਖਾਇਆ ਹੁਨਰ




ਰਾਮਪੁਰਾ ਫੂਲ (ਜਸਵੀਰ ਔਲਖ)- ਸਰਦਾਰ ਗਮਦੂਰ ਸਿੰਘ ਢਿੱਲੋਂ ਦੁਆਰਾ ਸਥਾਪਿਤ ਇਲਾਕੇ ਦੀ ਪ੍ਰਸਿੱਧ ਸੰਸਥਾ ਦੂਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰ ਟੂਰਨਾਮੈਂਟ(ਮੰਡੀ ਕਲਾਂ) ਵਿਚ ਅੰਡਰ 14,17,19 ਦੀਆਂ ਪ੍ਰਤੀਯੋਗਤਾਵਾਂ ਵਿਚ ਜਿੱਤ ਕੇ ਆਪਣਾ ਸਿੱਕਾ ਕਾਇਮ ਕੀਤਾ। ਇਹ ਪ੍ਰਤੀਯੋਗਤਾਵਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਕਰਵਾਈਆਂ ਗਈਆਂ ਸਨ,ਜਿਸ ਵਿੱਚ ਵਿਦਿਆਰਥੀਆਂ ਨੇ ਬਾਕਸਿੰਗ ਵਿੱਚ ਚਾਰ ਗੋਲਡ ਮੈਡਲ, ਸ਼ਤਰੰਜ ਵਿੱਚ ਦੂਜੀ ਪੁਜੀਸ਼ਨ,ਬੈਡਮਿੰਟਨ ਅੰਡਰ -19, ਫੁੱਟਬਾਲ ਅੰਡਰ -19, ਵਾਲੀਵਾਲ ਅੰਡਰ-19,ਰੈਸਲਿੰਗ ਅੰਡਰ-19 ਵਿਚ ਗੋਲਡ ਮੈਡਲ ਜਿੱਤੇ। ਬੈਡਮਿੰਟਨ ਅੰਡਰ -17 ਅਤੇ ਅੰਡਰ-19, ਮਨਜੋਤ ਸਿੰਘ ਅੰਡਰ17 ਨੇ ਗੋਲਡ ਮੈਡਲ, ਹਰ ਰੈਸਲਿੰਗ ਅੰਡਰ-17 ਨੇ ਸਿਲਵਰ ਮੈਡਲ ਹਾਸਲ ਕੀਤੇ। ਇਸ ਤੋਂ ਇਲਾਵਾ ਗੁਰਮਨ ਸਿੰਘ,ਸਿਮਰਨਜੀਤ ਸਿੰਘ ਅਤੇ ਤਾਜਵੀਰ ਸਿੰਘ ਨੇ ਬਾਕਸਿੰਗ ਦੇ ਮੁਕਾਬਲੇ ਵਿੱਚ ਗੋਲਡ ਮੈਡਲ ਹਾਸਲ ਕੀਤੇ। ਲਵਪ੍ਰੀਤ ਸਿੰਘ ਅਤੇ ਖੁਸ਼ਪ੍ਰੀਤ ਸਿੰਘ ਨੇ ਰੈਸਲਿੰਗ ਮੁਕਾਬਲੇ ਵਿੱਚ ਗੋਲਡ ਮੈਡਲ ਹਾਸਲ ਕੀਤੇ। ਗੁਰਸ਼ਰਨ ਸਿੰਘ ਨੇ ਸਿਲਵਰ ਮੈਡਲ ਹਾਸਲ ਕੀਤਾ। ਇਸ ਸ਼ੁਭ ਮੌਕੇ ਤੇ ਸਕੂਲ ਦੇ ਚੇਅਰਪਰਸਨ ਡਾ. ਚਰਨਜੀਤ ਕੌਰ ਢਿੱਲੋਂ ਅਤੇ ਸਕੂਲ ਦੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਖੇਡਾਂ ਦੇ ਮਹੱਤਵ ਨੂੰ ਦੱਸਦੇ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਰੀਰਿਕ ਸਿੱਖਿਆ ਦੇ ਅਧਿਆਪਕ ਸਰਦਾਰ ਕੌਰ ਸਿੰਘ ਅਤੇ ਦਵਿੰਦਰ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ

# ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਨੇ ਰਾਮਾਂ ਮੰਡੀ ਦੀਆਂ ਮੰਗਾਂ ਸੰਬੰਧੀ ਮੁੱਖ ਮੰਤਰੀ ਨਾਲ ਕੀਤੀ ਮੀਟਿੰਗ

ਰਾਮਾਂ ਮੰਡੀ (ਜਸਵੀਰ ਔਲਖ)- - ਹਲਕਾ ਤਲਵੰਡੀ ਸਾਬੋ ਤੋਂ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਨੇ ਰਾਮਾਂ ਮੰਡੀ ਦੀਆਂ ਮੁੱਖ ਮੰਗਾਂ ਸੰਬੰਧੀ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ।



ਇਸ ਮੌਕੇ ਵਿਧਾਇਕਾ ਨੇ ਰਾਮਾਂ ਮੰਡੀ ਨੂੰ ਸਬ ਤਹਿਸੀਲ ਬਣਾਉਣ ਸੰਬੰਧੀ ਪ੍ਰਸਤਾਵ ਰੱਖਿਆ ਅਤੇ ਸੰਗਤ ਬਲਾਕ ਵਿਚ ਪੈਂਦੇ ਤਲਵੰਡੀ ਸਾਬੋ ਹਲਕੇ ਦੇ ਪਿੰਡਾਂ ਨੂੰ ਨਵਾਂ ਬਲਾਕ ਬਣਾ ਕੇ ਰਾਮਾਂ ਮੰਡੀ ਬਲਾਕ ਵਿਚ ਸ਼ਾਮਲ ਕਰਨ ਦੀ ਮੰਗ ਪੱਤਰ ਸੌਂਪਿਆਂ।ਵਿਧਾਇਕਾ ਦੇ ਭਰਾ ਉਦੈਵੀਰ ਸਿੰਘ ਨੇ ਦੱਸਿਆ ਕਿ ਰਾਮਾਂ ਮੰਡੀ ਦੀਆਂ ਪਿਛਲੇ ਕਈ ਸਾਲਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਜਿਵੇਂ ਰਾਮਾਂ ਮੰਡੀ ਥਾਣਾ ਦੇ ਪਿੰਡ ਪੱਕਾ ਕਲਾਂ, ਗੁਰਥੜੀ, ਮੱਲਵਾਲਾ, ਦੁਨੇਆਲਾ, ਭਗਵਾਨ ਗੜ੍ਹ ਆਦਿ ਪਿੰਡ ਨੂੰ ਪਿਛਲੇ ਕਾਂਗਰਸ ਸਰਕਾਰ ਨੇ ਬਦਲ ਕੇ ਸੰਗਤ ਥਾਣੇ ਵਿਚ ਤਬਦੀਲ ਕਰ ਦਿੱਤਾ ਸੀ, ਉਨ੍ਹਾਂ ਵਾਪਸ ਰਾਮਾਂ ਥਾਣਾ ਵਿਚ ਤਬਦੀਲ ਕਰਨ, ਰਾਮਾਂ ਮੰਡੀ ਨੂੰ ਸਬ ਤਹਿਸੀਲ ਬਣਾਉਣ ਅਤੇ ਤਲਵੰਡੀ ਸਾਬੋ ਹਲਕੇ ਦੇ ਪਿੰਡ ਜੋ ਸੰਗਤ ਬਲਾਕ ਵਿਚ ਪੈਂਦੇ ਹਨ, ਉਨ੍ਹਾਂ ਪਿੰਡਾਂ ਨੂੰ ਰਾਮਾਂ ਮੰਡੀ ਦਾ ਨਵਾਂ ਬਲਾਕ ਬਣਾ ਕੇ ਸ਼ਾਮਿਲ ਕਰਨ ਸੰਬੰਧੀ ਮੰਗ ਪੱਤਰ ਮੁੱਖ ਮੰਤਰੀ ਸਾਹਿਬ ਨੂੰ ਦਿੱਤਾ ਗਿਆ ਹੈ। ਉਦੈਵੀਰ ਸਿੰਘ ਦੱਸਿਆ ਕਿ ਮੁੱਖ ਮੰਤਰੀ ਸਾਹਿਬ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਦੇ ਨਾਲ ਜਥੇਦਾਰ ਦਰਸ਼ਨ ਸਿੰਘ ਜਗ੍ਹਾ, ਉਦੈਵੀਰ ਸਿੰਘ ਜਗ੍ਹਾ, ਕੇਵਲ ਸਿੰਘ ਨਿੱਜੀ ਸਹਾਇਕ, ਰਮਨਦੀਪ ਸਿੰਘ ਜਗ੍ਹਾ ਹਾਜ਼ਰ ਸਨ। ਮੰਡੀ ਵਾਸੀ ਐਡਵੋਕੇਟ ਸੰਜੀਵ ਲਹਿਰੀ, ਲਵਲੀ ਖ਼ਾਲਸਾ, ਦਲਵਾਰ ਸਿੰਘ ਰਾਮਾਂ, ਗੁਰਮਿੰਦਰ ਕੌਰ ਅਰੋੜਾ ਨੇ ਰਾਮਾਂ ਮੰਡੀ ਮੰਗਾਂ ਵੱਲ ਧਿਆਨ ਦੇਣ ਲਈ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਦਾ ਧੰਨਵਾਦ ਕੀਤਾ।

# ਸਿਹਤ ਵਿਭਾਗ ਵੱਲੋਂ 37ਵੇਂ ਅੱਖਾਂ ਦਾਨ ਪੰਦਰਵਾੜੇ ਦੀ ਸ਼ੁਰੂਆਤ

ਮਾਨਸਾ, -ਰੋਜ਼ਾਨਾ ਸਵੇਰਾ ਬਿਊਰੋ- ਸਿਵਲ ਸਰਜਨ ਡਾ. ਹਰਿੰਦਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਲਾਕ ਸਰਦੂਲਗੜ੍ਹ ਵਿਖੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਰਣਜੀਤ ਸਿੰਘ ਰਾਏ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵੇਦ ਪ੍ਰਕਾਸ਼ ਸੰਧੂ ਦੀ ਅਗਵਾਈ ਵਿੱਚ 37ਵੇਂ ਅੱਖਾਂ ਦਾਨ ਪੰਦਰਵਾੜੇ ਦੀ ਸੁਰੂਆਤ ਕੀਤੀ ਗਈ। ਇਸ ਮੌਕੇ ਡਾ. ਰਣਜੀਤ ਸਿੰਘ ਰਾਏ ਨੇ ਕਿਹਾ ਕਿ ਅਸੀਂ ਮਰਨ ਉਪਰੰਤ ਅੱਖਾਂ ਦਾਨ



ਕਰ ਕੇ ਕਿਸੇ ਵਿਅਕਤੀ ਦੀ ਜ਼ਿੰਦਗੀ ਨੂੰ ਰੌਸ਼ਨ ਕਰਨ ਦਾ ਮਹਾਨ ਕੰਮ ਕਰ ਸਕਦੇ ਹਾਂ। ਅੱਖਾਂ ਦਾਨ ਕਰਨ ਲਈ ਜੀਵਨ ਦੌਰਾਨ ਫੈਸਲਾ ਕਰਨਾ ਹੁੰਦਾ ਹੈ ਅਤੇ ਮ੍ਰਿਤਕ ਵਿਅਕਤੀ ਦੀਆਂ ਅੱਖਾਂ ਦਾ ਦਾਨ ਮਰਨ ਉਪਰੰਤ ਬਿਨਾਂ ਕਿਸੇ ਖਰਚੇ ਤੋਂ ਛੇ ਤੋਂ ਅੱਠ ਘੰਟਿਆਂ ਵਿਚ ਕੀਤਾ ਜਾ ਸਕਦਾ ਹੈ।


LALA KASTURI LAL
SARVHITKARI
SR. SEC. VIDYA MANDIR, RAMPURA PHUL



Affiliated to CBSE
ਵਧੀਆ ਸਿੱਖਿਆ, ਵਾਜ਼ਿਬ ਫੀਸ
PLAYWAY, LKG
to
+2(MED/NON-MED/COMM/ARTS)
SPECIAL LECTURES BY EXPERTS
for enquiry
01651-505076